ਦਸੰਬਰ 2016, ਅੰਕ 2

# LEISA INDIA

Magazine on Low External Input Sustainable Agriculture

ਖਾਸ ਪੰਜਾਬੀ ਸੰਸਕਰਨ



## ਲੀਜ਼ਾ ਪੰਜਾਬੀ

**ਦਸੰਬਰ, 2016**

ਲੀਜ਼ਾ ਇੰਡੀਆ ਦਾ ਛੇਵਾਂ ਪੰਜਾਬੀ ਅੰਕ ਲੀਜ਼ਾ ਇੰਡੀਆ ਦੇ ਸਹਿਯੋਗ ਨਾਲ ਖੇਤੀ ਵਿਰਾਸਤ ਮਿਸ਼ਨ ਵੱਲੋਂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਇਸ ਅੰਕ ਵਿੱਚ ਲੀਜ਼ਾ ਇੰਡੀਆ ਵਿੱਚ ਪ੍ਰਕਾਸ਼ਿਤ ਅੰਗਰੇਜ਼ੀ ਦੇ ਕੁੱਝ ਮੂਲ ਲੇਖਾਂ ਦਾ ਪੰਜਾਬੀ ਅਨੁਵਾਦ ਪਾਠਕਾਂ ਦੀ ਨਜ਼ਰ ਕੀਤਾ ਗਿਆ ਹੈ।



AME Foundation<br>
No. 204, 100 Feet Ring Road, 3rd Phase,<br>
Banashankari 2nd block, 3rd stage,<br>
Bangalore- 560085 , India<br>
Tel: +91-080-22699512, +91-080-22699522<br>
Fax: +91-080-22699410<br>
E-Mail: leisaindia@yahoo.co.in

*ਖੇਤੀ ਵਿਰਾਸਤ ਮਿਸ਼ਨ*<br>
*ਗਲੀ ਨੰ. 4, ਆਰ. ਵੀ. ਸ਼ਾਂਤੀ ਨਗਰ,ਬਾਜਾਖਾਨਾ ਰੋਡ,*<br>
*ਜੈਤੋ-151202 ਸੰਪਰਕ: 01635-231415, 503415*<br>
*ਵੈੱਬਸਾਈਟ:* khetivirasatmission.org<br>
*ਈਮੇਲ:* khetivirasatmission@gmail.com



*ਲੀਜ਼ਾ ਇੰਡੀਆ ਏ. ਐੱਮ. ਈ. ਫਾਉਂਡੇਸ਼ਨ ਦੁਆਰਾ ਆਈ. ਐੱਲ. ਈ. ਆਈ. ਏ. ਦੇ ਸਹਿਯੋਗ ਨਾਲ ਅੰਗਰੇਜ਼ੀ ਭਾਸ਼ਾ ਵਿੱਚ ਪ੍ਰਕਾਸ਼ਿਤ ਕੀਤੀ ਜਾਂਦੀ ਤ੍ਰੈਮਾਸਿਕ ਪੱਤ੍ਰਿਕਾ ਹੈ।*

***ਮੁੱਖ ਸੰਪਾਦਕ:*** *ਕੇ. ਵੀ. ਐੱਸ. ਪ੍ਰਸ਼ਾਦ, ਏ. ਐਮ. ਈ. ਫਾਂਉਂਡੇਸ਼ਨ*<br>
***ਪ੍ਰਬੰਧਕ ਸੰਪਾਦਕ:*** *ਟੀ.ਐੱਮ. ਰਾਧਾ, ਏ. ਐੱਮ. ਈ. ਫਾਂਉਂਡੇਸ਼ਨ*<br>
***ਅਨੁਵਾਦ ਕੋਆਰਡੀਨੇਅਰ:*** *ਪੁਰਨਿਮਾ, ਏ. ਐੱਮ. ਈ. ਫਾਂਉਂਡੇਸ਼ਨ*<br>
***ਸੰਪਾਦਕ ਮੰਡਲ ਅਤੇ ਪੰਜਾਬੀ ਸੰਸਕਰਨ:*** ਉਮੇਂਦਰ ਦੱਤ, ਗੁਰਪ੍ਰੀਤ ਦਬੜ੍ਹੀਖਾਨਾ, ਜਗਤਾਰ ਸਿੰਘ ਧਾਲੀਵਾਲ, ਅਮਨਜੋਤ ਕੌਰ<br>
**ਪ੍ਰਬੰਧਨ:** ਜੀ.ਜੀ.ਰੁਕਮਨੀ, ਏ.ਐੱਮ.ਈ.ਫਾਂਉਂਡੇਸ਼ਨ<br>
**ਲੇਆਉਟ ਅਤੇ ਟਾਈਪ ਸੈਟਿੰਗ:** ਜਗਜੀਤ ਸਿੰਘ ਬਰਾੜ<br>
**ਛਪਾਈ:** ਆਰ.ਡੀ.ਇੰਟਰਪ੍ਰਾਈਜਜ਼, ਇੰਡਸਟ੍ਰੀਅਲ ਏਰੀਆ, ਫੇਜ਼-1, ਚੰਡੀਗੜ੍ਹ<br>
**ਆਵਰਣ ਫੋਟੋ:** ਖੇਤੀ ਵਿਰਾਸਤ ਮਿਸ਼ਨ<br>
**ਲੀਜ਼ਾ ਪੱਤ੍ਰਿਕਾ ਦੇ ਹੋਰ ਪ੍ਰਕਸ਼ਨ:** ਫਾਰਮਿੰਗ ਮੈਟਰਜ਼ (ਅੰਗਰੇਜ਼ੀ)<br>
ਲੀਸਾ ਰੀਵਿਸਟਾ ਡੇ ਐਗਰੋਈਕੋਲੋਜ਼ੀਆ (ਲਾਤੀਨੀ ਸੰਸਕਰਨ)<br>
ਲੀਸਾ ਇੰਡੀਆ (ਅੰਗਰੇਜ਼ੀ, ਕੰਨੜਾ, ਤਾਮਿਲ, ਉੜੀਆ, ਮਰਾਠੀ, ਹਿੰਦੀ ਅਤੇ ਤੇਲਗੂ ਸੰਸਕਰਨ)<br>
ਐਗਰੀਡੇਪ (ਪੱਛਮੀ ਅਫਰੀਕਾ, ਫਰੈਂਚ ਸੰਸਕਰਨ)<br>
ਐਗਰੀਕਲਚਰਜ਼ ਐਕਸਪੀਰੀਐਂਸਿਆਸ ਈਮ ਐਗਰੋਈਕੋਲੋਜ਼ੀਆ ਬ੍ਰਾਜ਼ੀਲ<br>
ਬੋਆਬਾਬ(ਈਸਟ ਅਫਰੀਕਾ ਅੰਗਰੇਜ਼ੀ ਸੰਸਕਰਨ)

ਸੰਪਾਦਕ ਵੱਲੋਂ ਲੇਖਾਂ ਵਿੱਚ ਪ੍ਰਕਾਸ਼ਿਤ ਜਾਣਕਾਰੀ ਬਾਰੇ ਪੂਰੀ ਸਾਵਧਾਨੀ ਵਰਤੀ ਗਈ ਹੈ। ਫਿਰ ਵੀ ਸਾਂਝੀ ਕੀਤੀ ਗਈ ਜਾਣਕਾਰੀ ਵਿੱਚ ਕਿਸੇ ਵੀ ਕਮੀ ਦੀ ਜ਼ਿੰਮੇਵਾਰ ਸਬੰਧਤ ਲੇਖਕ ਦੀ ਹੋਵੇਗੀ।

**ਮਾਇਜੇਰੀਅਰ ਦੇ ਸਹਿਯੋਗ ਅਤੇ ਖੇਤੀ ਵਿਰਾਸਤ ਮਿਸ਼ਨ ਉੱਦਮ ਸਦਕਾ**<br>
**ਏ.ਐੱਮ.ਈ. ਦੁਆਰਾ ਪ੍ਰਕਾਸ਼ਿਤ**


# ਪਿਆਰੇ ਪਾਠਕੋ

ਏ.ਐੱਮ.ਈ. ਫਾਊਂਡੇਸ਼ਨ ਦੁਆਰਾ ਭਾਰਤ ਵਿੱਚ ਪ੍ਰਕਾਸ਼ਿਤ ਕੌਮਾਂਤਰੀ ਖੇਤੀ ਪੱਤ੍ਰਿਕਾ ਲੀਜ਼ਾ ਇੰਡੀਆਂ ਦੇ ਖੇਤੀ ਵਿਰਾਸਤ ਮਿਸ਼ਨ ਵੱਲੋਂ ਕੱਢੇ ਗਏ ਪੰਜਾਬੀ ਸੰਸਕਰਨ ਦਾ ਪੰਜਵਾਂ ਅੰਕ ਆਪਜੀ ਦੀ ਨਜ਼ਰ ਕਰਦਿਆਂ ਸਾਨੂੰ ਬੇਹੱਦ ਖੁਸ਼ੀ ਹੋ ਰਹੀ ਹੈ। ਪਤ੍ਰਿਕਾ ਨੂੰ ਆਪਜੀ ਤੋਂ ਮਿਲ ਰਹੇ ਭਰਭੂਰ ਹੁੰਗਾਰੇ ਅਤੇ ਪਿਆਰ ਸਦਕਾ ਲੀਜ਼ਾ ਪੰਜਾਬੀ ਰਾਹੀਂ ਆਪਜੀ ਨਾਲ ਉੱਚ ਮਿਆਰੀ ਅਤੇ ਅਰਥਪੂਰਨ ਜਾਣਕਾਰੀ ਸਾਂਝੀ ਕਰਨ ਦੀ ਸਾਡੀ ਪ੍ਰਤੀਬੱਧਤਾ ਹੋਰ ਮਜ਼ਬੂਤ ਹੋਈ ਹੈ।

ਸਾਡੀ ਹਮੇਸ਼ਾ ਇਹ ਹੀ ਕੋਸ਼ਿਸ਼ ਰਹੇਗੀ ਕਿ 'ਲੀਜ਼ਾ ਇੰਡੀਆ' ਦੁਆਰਾ ਖੇਤੀ -ਕਿਸਾਨੀ ਦੀ ਬਿਹਤਰੀ ਅਤੇ ਖੇਤੀ ਨੂੰ ਟਿਕਾਊ ਆਜੀਵਿਕਾ ਦਾ ਸਨਮਾਨਜਨਕ ਸਾਧਨ ਬਣਾਉਣ ਲਈ ਚੇਤਨ ਕਿਸਾਨਾਂ ਅਤੇ ਕਿਸਾਨ ਹਿਤੈਸ਼ੀ ਸੰਸਥਾਵਾਂ ਦੁਆਰਾ ਕੀਤੇ ਜਾ ਰਹੇ ਕਾਮਯਾਬ ਤਜ਼ਰਬਿਆਂ ਅਤੇ ਵਿਕਸਤ ਕੀਤੀਆਂ ਜਾ ਰਹੀਆਂ ਕਿਸਾਨ ਅਤੇ ਕੁਦਰਤ ਪੱਖੀ ਖੇਤੀ ਤਕਨੀਕਾਂ ਨੂੰ ਆਪਜੀ ਨਾਲ ਨਿਰੰਤਰ ਸਾਂਝਾ ਕੀਤਾ ਜਾਵੇ।

ਇਹ ਵੀ ਧਿਆਨ ਰੱਖਿਆ ਜਾਵੇਗਾ ਕਿ ਗਿਆਨ, ਜਾਣਕਾਰੀ ਅਤੇ ਤਕਨੀਕਾਂ ਦਾ ਇਹ ਲਿਪੀਬੱਧ ਆਦਾਨ-ਪ੍ਰਦਾਨ ਹਰ ਪੱਖੋਂ ਸਟੀਕ ਅਤੇ ਭਰੋਸੇਮੰਦ ਹੋਵੇ। ਪੱਤ੍ਰਿਕਾ ਦੇ ਇਸ ਅੰਕ ਵਿੱਚ 'ਲੀਜ਼ਾ ਇੰਡੀਆ' ਦੇ ਮੂਲ ਅੰਗਰੇਜ਼ੀ ਅਤੇ ਕੰਨੜ ਸੰਸਕਰਨ 'ਚ ਮਾਰਚ 2015 ਤੋਂ ਜੂਨ 2016 ਦੌਰਾਨ ਪ੍ਰਕਾਸ਼ਿਤ ਕੁੱਝ ਚੋਣਵੇਂ ਪ੍ਰੇਰਣਾਦਾਈ ਲੇਖਾਂ ਦਾ ਪੰਜਾਬੀ ਉਲੱਥਾ ਤੁਹਾਡੀ ਨਜ਼ਰ ਕਰਨ ਜਾ ਰਹੇ ਹਾਂ। ਆਸ ਕਰਦੇ ਹਾਂ ਲੀਜ਼ਾ ਇੰਡੀਆ ਦਾ ਹਥਲਾ ਪੰਜਾਬੀ ਸੰਸਕਰਨ ਪਾਠਕਾਂ ਦੀਆਂ ਆਸਾਂ 'ਤੇ ਖਰ੍ਹਾ ਉੱਤਰੇਗਾ।

ਲੀਜ਼ਾ ਇੰਡੀਆ ਟੀਮ<br>
ਦਸੰਬਰ-2016

***ਲੀਜ਼ਾ***ਘੱਟ ਬਾਹਰੀ ਆਗਤਾਂ ਅਤੇ ਟਿਕਾਊ ਖੇਤੀ ਦੀ ਸਿਰਮੌਰ ਪੱਤ੍ਰਿਕਾ ਹੈ। ਇਹ ਕੁਦਰਤ ਨਾਲ ਇੱਕਮਿੱਕਤਾ ਰਾਹੀਂ ਫਸਲਾਂ ਦਾ ਉਤਪਾਦਨ ਅਤੇ ਆਪਣੀ ਆਮਦਨ ਵਧਾਉਣ ਲਈ ਕਾਰਜਸ਼ੀਲ ਕਿਸਾਨਾਂ ਨੂੰ ਤਕਨੀਕੀ ਅਤੇ ਸਮੁਦਾਇਕ ਪਹਿਲਕਦਮੀਆਂ ਤੋਂ ਜਾਣੂ ਕਰਵਾਵਉਂਦੀ ਹੈ। ਲੀਜ਼ਾ ਕੁਦਰਤੀ ਸੋਮਿਆਂ ਅਤੇ ਕੁਦਰਤੀ ਪ੍ਰਕਿਰਿਆਵਾਂ ਦੇ ਸਰਵਉੱਤਮ ਇਸਤੇਮਾਲ ਬਾਰੇ ਜਾਣਕਾਰੀ ਮੁਹੱਈਆ ਕਰਵਾਉਂਦੀ ਹੈ। ਇਹ ਉਹਨਾਂ ਇਸਤ੍ਰੀ, ਪੁਰਸ਼ ਕਿਸਾਨਾਂ ਅਤੇ ਸਮੁਦਾਇਆਂ ਦੇ ਸ਼ਸ਼ਕਤੀਕਰਨ ਲਈ ਕਾਰਜਸ਼ੀਲ ਹੈ ਜਿਹੜੇ ਕਿ ਆਪਣੇ ਗਿਆਨ, ਹੁਨਰ, ਆਪਣੀਆਂ ਕਦਰਾਂ-ਕੀਮਤਾਂ, ਸੱਭਿਆਚਾਰ ਅਤੇ ਅਦਾਰਿਆਂ ਦੇ ਆਧਾਰ 'ਤੇ ਆਪਣਾ ਭਵਿੱਖ ਬਣਾਉਣਾ ਚਾਹੁੰਦੇ ਹਨ। ਲੀਜ਼ਾ ਖੇਤੀ ਵਿੱਚ ਸੁਧਾਰ ਅਤੇ ਇਸਨੂੰ ਬਦਲਦੀਆਂ ਹਾਲਤਾਂ ਅਤੇ ਜ਼ਰੂਰਤਾਂ ਮੁਤਾਬਿਕ ਢਾਲਣ ਲਈ ਖੇਤੀ ਦੇ ਸਹਿਭਾਗੀ ਤਰੀਕੇ ਅਪਣਾ ਕੇ ਕਿਸਾਨਾਂ ਅਤੇ ਖੇਤੀ ਨਾਲ ਜੁੜੇ ਹੋਰਨਾ ਲੋਕਾਂ ਦੀ ਸਮਰਥਾ ਵਧਾਉਣ 'ਤੇ ਜ਼ੋਰ ਦਿੰਦੀ ਹੈ। ਲੀਜ਼ਾ ਰਵਾਇਤੀ ਗਿਆਨ ਅਤੇ ਵਿਗਿਆਨ ਨੂੰ ਆਪਸ ਵਿੱਚ ਜੋੜ ਕੇ ਨੀਤੀ ਨਿਰਮਾਣ ਕਾਰਜ ਨੂੰ ਪ੍ਰਭਾਵਿਤ ਕਰਦੇ ਹੋਏ ਅਗਲੇਰੇ ਵਿਕਾਸ ਲਈ ਅਨੁਕੂਲ ਵਾਤਾਵਰਣ ਤਿਆਰ ਕਰਨ ਦੀ ਇੱਛਾ ਰੱਖਦੀ ਹੈ। ਲੀਜ਼ਾ ਇੱਕ ਵਿਚਾਰ ਹੈ, ਇੱਕ ਪਹੁੰਚ ਹੈ ਇੱਕ ਰਾਜਨੀਤਕ ਸੁਨੇਹਾਂ ਹੈ।

**ਏ.ਐੱਮ.ਈ.ਫਾਂਉਂਡੇਸ਼ਨ** ਰਵਾਇਤੀ ਗਿਆਨ ਅਤੇ ਨਿਵੇਕਲੀਆਂ ਤਕਨੀਕਾਂ ਦੇ ਮਾਧਿਅਮ ਨਾਲ ਘੱਟ ਬਾਹਰੀ ਆਗਤ ਪ੍ਰਬੰਧਨ ਰਾਹੀਂ ਟਿਕਾਊ ਰੋਜ਼ਗਾਰ ਪੈਦਾ ਕਰਨ ਨੂੰ ਉਤਸ਼ਾਹਿਤ ਕਰਦੀ ਹੈ। ਇਸ ਉਦੇਸ਼ ਦੀ ਪੂਰਤੀ ਲਈ ਏ.ਐੱਮ.ਈ.ਫਾਂਉਂਡੇਸ਼ਨ ਦੱਖਣ ਦੇ ਅਰਧ ਖੁਸ਼ਕ ਖੇਤਰ ਵਿੱਚ ਛੋਟੇ ਅਤੇ ਸੀਮਾਂਤ ਕਿਸਾਨਾਂ ਨਾਲ ਮਿਲ ਕੇ ਖੇਤੀ ਦੇ ਬਦਲ ਤਿਆਰ ਕਰਨ, ਗਿਆਨ ਵਧਾਉਣ, ਸਿਖਲਾਈ, ਖੇਤੀ ਨੂੰ ਵਿਕਾਸ ਏਜੰਸੀਆਂ ਨਾਲ ਜੋੜਨ ਅਤੇ ਅਨੁਭਵ ਵੰਡਣ ਦਾ ਕੰਮ ਕਰ ਰਹੀ ਹੈ। ਏ.ਐੱਮ.ਈ.ਫਾਂਉਂਡੇਸ਼ਨ ਪਿੰਡਾਂ ਦੇ ਗੁੱਛਿਆਂ ਵਿੱਚ ਇੱਛਕ ਕਿਸਾਨ ਸਮੂਹਾਂ ਨਾਲ ਉਹਨਾਂ ਨੂੰ ਬਦਲਵੇਂ ਖੇਤੀ ਪੱਦਤੀ ਤਿਆਰ ਕਰਨ ਅਤੇ ਅਪਣਾਉਣ ਦੇ ਯੋਗ ਬਣਾਉਣ ਦਾ ਕਾਰਜ ਪੂਰੀ ਸ਼ਿੱਦਤ ਨਾਲ ਕਰ ਰਹੀ ਹੈ। ਇਹ ਸਥਾਨ ਸਬੰਧਤ ਕਿਸਾਨਾਂ ਅਤੇ ਉਹਨਾਂ ਨੂੰ ਉਤਸ਼ਾਹਿਤ ਕਰਨ ਵਾਲੇ ਅਦਾਰਿਆਂ ਲਈ ਉਹਨਾਂ ਦੀ ਦੇਖਣ-ਸਮਝਣ ਦੀ ਸਮਰਥਾ ਵਿੱਚ ਵਾਧਾ ਕਰਨ ਲਈ ਸਿੱਖਣ ਲਾਇਕ ਹਾਲਤਾਂ ਦੇ ਮੁਹੱਈਆ ਕਰਦੇ ਹਨ। ਇਸ ਵਿੱਚ ਗ਼ੈਰ ਸਰਕਾਰੀ ਸੰਗਠਨ ਅਤੇ ਗ਼ੈਰ ਸਰਕਾਰੀ ਸੰਗਠਨਾਂ ਦੇ ਨੈੱਟਵਰਕ ਵੀ ਸ਼ਾਮਿਲ ਹੈ। www.amefound.org

**ਖੇਤੀ ਵਿਰਾਸਤ ਮਿਸ਼ਨ** ਸਵੈਨਿਰਭਰ, ਸਵੈਮਾਣੀ, ਸਵਦੇਸ਼ੀ ਖੇਤੀ ਅਤੇ ਸਰਬਤ ਦੇ ਭਲੇ ਨੂੰ ਸਮਰਪਿਤ ਲੋਕ ਲਹਿਰ ਹੈ। ਆਪਣੇ ਜਨਮ ਵਰ੍ਹੇ ਮਾਰਚ, 2005 ਤੋਂ ਹੀਇਹ ਪੰਜਾਬ ਨੂੰ ਦਰਪੇਸ਼ ਖੇਤੀ ਸਿਹਤਾਂ ਅਤੇ ਵਾਤਾਵਰਣ ਦੇ ਅਤਿ ਗੰਭੀਰ ਸੰਕਟ ਖਿਲਾਫ਼ ਆਮ ਲੋਕਾਂ ਨੂੰ ਚੇਤਨ ਕਰਦੇ ਹੋਏ ਇਸ ਸੰਕਟ ਦੇ ਮੂਲ ਕਾਰਣ ਜ਼ਹਿਰੀਲੀ ਰਸਾਇਣਿਕ ਖੇਤੀ ਦੇ ਬਦਲ ਵਜੋਂ ਜ਼ਹਿਰ ਮੁਕਤ ਕੁਦਰਤੀ ਖੇਤੀ ਦੀ ਸਥਾਪਨਾ ਲਈ ਯਤਨਸ਼ੀਲ ਹੈ। ਵਰਤਮਾਨ ਸਮੇਂ ਸੂਬੇ ਭਰ ਵਿੱਚ ਸੈਂਕੜੇ ਕਿਸਾਨ ਖੇਤੀ ਵਿਰਾਸਤ ਮਿਸ਼ਨ ਦੀ ਰਹਿਨੁਮਾਈ ਵਿੱਚ ਪੂਰੀ ਸਫਲਤਾ ਨਾਲ ਜ਼ਹਿਰ ਮੁਕਤ ਕੁਦਰਤੀ ਖੇਤੀ ਦੀ ਸੁਨਹਿਰੀ ਇਬਾਰਤ ਲਿਖ ਰਹੇ ਹਨ। (www.khetivirasatmission.org)

**ਮਾਇਜੇਰੀਅਰ** ਦੀ ਸਥਾਪਨਾਂ 1958 ਵਿੱਚ ਹੋਈ। ਇਹ ਜ਼ਰਮਨ ਕੈਥੋਲਿਕ ਬਿਸ਼ਪ ਦੀ ਵਿਕਾਸਤਮਕ ਸਹਿਯੋਗ ਨਾਮਕ ਸੰਸਥਾ ਹੈ। ਬੀਤੇ 50 ਤੋਂ ਵੀ ਜਿਆਦਾ ਸਾਲਾਂ ਤੋਂ ਮਾਇਜੇਰੀਅਰ ਅਫਰੀਕਾ, ਏਸ਼ੀਆ ਅਤੇ ਲੈਟਿਨ ਅਮਰੀਕਾ ਵਿੱਚ ਗਰੀਬੀ ਖਿਲਾਫ਼ ਲੜਨ ਲਈ ਵਚਨਬੱਧ ਹੈ। ਜਾਤੀ, ਧਰਮ ਅਤੇ ਲਿੰਗ ਭੇਦ ਤੋਂ ਉਪਰਾਮ ਮਾਇਜੇਰੀਅਰ ਕਿਸੇ ਵੀ ਮਨੁੱਖੀ ਜ਼ਰੂਰਤ ਦੀ ਪੂਰਤੀ ਹਿੱਤ ਸਹਿਯੋਗ ਲਈ ਤਤਪਰ ਹੈ। ਮਾਇਜੇਰੀਅਰ ਗਰੀਬਾਂ ਅਤੇ ਜ਼ਰੂਰਤਮੰਦਾ ਦੁਆਰਾ ਸ਼ੁਰੂ ਕੀਤੇ ਅਤੇ ਅਪਣਾਏ ਗਏ ਕਾਰਜਾਂ ਨੂੰ ਸਹਿਯੋਗ ਕਰਨ ਵਿੱਚ ਵਿਸ਼ਵਾਸ ਰਖਦਾ ਹੈ। ਇਹ ਆਪਣੇ ਸਥਾਨਕ ਭਾਗੀਦਾਰਾਂ ਨਾਲ ਮਿਲ ਕੇ ਕੰਮ ਕਰਨ ਨੂੰ ਪਹਿਲ ਦਿੰਦਾ ਹੈ। ਇਹ ਲਾਭਪਾਤਰੀਆਂ ਅਤੇ ਸਹਿਯੋਗੀ ਸੰਗਠਨਾਂ ਨੂੰ ਨਾਲ ਲੈ ਕੇ ਵਿਕਾਸ ਦੇ ਸਥਾਨਕ ਕਾਰਜਾਂ ਦੀ ਰੂਪਰੇਖਾ ਤੈਅ ਕਰਦਾ ਹੈ ਅਤੇ ਸਬੰਧਤ ਪ੍ਰੋਜੈਕਟ ਲਾਗੂ ਕਰਨ ਵਿੱਚ ਸਹਿਯੋਗ ਕਰਦਾ ਹੈ। ਇਹ ਹੀ ਕਾਰਨ ਹੈ ਕਿ ਮਾਇਜੇਰੀਅਰ ਆਪਣੇ ਸਹਿਭਾਗੀਆਂ ਨਾਲ ਮਿਲ ਕੇ ਨਿਰੰਤਰ ਬਦਲਦੀਆਂ ਚੁਣੌਤੀਆਂ ਪ੍ਰਤਿ ਤਿਆਰ-ਬਰ-ਤਿਆਰ ਖੜਾ ਹੈ। (www.misereor.de;misereor.org)

# ਇਸ ਅੰਕ ਵਿੱਚ





## ਮੁਰੈਨਾ 'ਚ ਪਾਣੀ ਬਚਾਉਂਦੀ ਖੇਤੀ

ਮੱਧਪ੍ਰਦੇਸ਼ ਦੇ ਮੁਰੈਨਾ ਸਥਿਤ ਪਿੰਡ ਨਿਧਾਨ 'ਚ ਖੇਤੀ ਵਿੱਚ ਪਾਣੀ ਬਚਾਉਣ ਦੀਆਂ ਨਵੀਨਤਮ ਪਹੁੰਚਾਂ ਨਾਲ ਲੈਸ ਕਿਸਾਨ ਸਾਲ 'ਚ ਦੋ ਫਸਲਾਂ ਉਗਾਉਣ ਬਾਰੇ ਸੋਚਣ ਲੱਗੇ ਹਨ ਕਿਸਾਨਾਂ ਦੁਆਰਾ ਪਾਣੀ ਦੇ ਸੁਚਾਰੂ ਇਸਤੇਮਾਲ ਲਈ ਕੀਤੇ ਜਾ ਰਹੇ ਇਸ ਕਾਰਜ ਵਿੱਚ ਸਥਾਨਕ ਕ੍ਰਿਸ਼ੀ ਵਿਗਿਆਨ ਕੇਂਦਰ ਉਹਨਾਂ ਦਾ ਮਾਰਗ ਦਰਸ਼ਨ ਕਰ ਰਿਹਾ ਹੈ।

ਪੇਜ ਨੰ: 5



## ਪਾਣੀ ਦੇ ਯੁੱਧਾਂ ਤੋਂ ਵਿਸ਼ਵ ਸ਼ਾਂਤੀ ਤੱਕ

ਮਾਨਸੂਨ ਨੂੰ ਸਹੇਜਣਾ: ਆਜੀਵਿਕਾ ਦਾ ਪੁਨਰਜਨਮੋ, ਲੀਜ਼ਾ ਪੱਤ੍ਰਿਕਾ 'ਚ ਮਾਰਚ 2000 ਵਿੱਚ ਛਪਿਆ ਰਾਜਸਥਾਨ ਦੇ ਅਲਵਰ ਜ਼ਿਲ੍ਹੇ ਨੂੰ ਪਾਣੀਦਾਰ ਬਣਾਉਣ ਦਾ ਤਜ਼ੁਰਬਾ ਬਿਆਨਦਾ ਜਲ-ਪੁਰਸ਼ ਰਜਿੰਦਰ ਸਿੰਘ ਦਾ ਇੱਕ ਲੇਖ। ਰਵਾਇਤੀ ਤਰੀਕਿਆਂ ਨਾਲ ਵਰਖਾ ਦਾ ਪਾਣੀ ਸਹੇਜਣ ਦੇ ਕਾਰਜ ਸਦਕਾ ਸਥਾਨਕ ਨਦੀਆਂ ਨੂੰ ਮਿਲਿਆ ਪੁਨਰਜੀਵਨ ਅਤੇ ਉਹ ਸੁੱਕੀਆਂ ਤੋਂ ਮੁੜ ਹਰੀਆਂ ਹੋ ਗਈਆਂ। ਹਥਲੇ ਲੇਖ ਵਿੱਚ ਇਸ ਕਾਰਜ ਦੀ ਸ਼ੁਰੂਆਤ ਕਰਨ ਵਾਲੀ ਸਮਾਜ ਸੇਵੀ ਸੰਸਥਾ ਤਰੁਣ ਭਾਰਤ ਸੰਘ ਦੇ ਆਗੂ ਸ਼੍ਰੀ ਰਜਿੰਦਰ ਸਿੰਘ ਉਹਨਾਂ ਵੱਲੋਂ ਵਿਸ਼ਵ ਦੇ ਪੰਜ ਮਹਾਦੀਪਾਂ ਵਿੱਚ ਜਲ-ਯਾਤਰਾਵਾਂ ਬਾਰੇ ਦੱਸ ਰਹੇ ਹਨ

ਪੇਜ ਨੰ: 7



## ਭੂਮੀ ਦੀ ਸਿਹਤ-ਵਧੀਆ ਝਾੜ ਦੀ ਕੁੰਜੀ

ਰਾਜਸਥਾਨ ਵਿੱਚ ਕਿਸਾਨ ਮਿੱਟੀ ਦੀ ਸਿਹਤ ਨੂੰ ਸੁਧਾਰਨ ਤੇ ਧਿਆਨ ਦੇ ਕੇ ਪੈਦਾਵਾਰ ਅਤੇ ਆਮਦਨੀ ਦੇ ਮੁੱਦੇ ਨੂੰ ਹੱਲ ਕਰ ਰਹੇ ਹਨ। ਮਿੱਟੀ ਵਿੱਚ ਜੈਵਿਕ ਮਾਦੇ ਨੂੰ ਵਧਾ ਕੇ, ਇਹ ਕਿਸਾਨ, ਖਾਸ ਕਰਕੇ ਔਰਤਾਂ, ਵੱਧ ਝਾੜ ਵਾਲੀਆਂ ਪੌਸ਼ਟਿਕਤਾ ਭਰਪੂਰ ਬਗੀਚੀਆਂ ਉਗਾ ਰਹੀਆਂ ਹਨ ਜਿਸਦਾ ਨਤੀਜਾ ਪਰਿਵਾਰ ਲਈ ਵਧੀਆ ਪੋਸ਼ਣ ਅਤੇ ਬਿਹਤਰ ਆਮਦਨ ਦੇ ਰੂਪ ਵਿੱਚ ਸਾਹਮਣੇ ਆ ਰਿਹਾ ਹੈ।

ਪੇਜ ਨੰ: 9



## ਜਦ ਮਿੱਟੀ ਬੋਲੀ

ਤੁਸੀ ਸਭ ਮੈਨੂੰ ਜਾਣਦੇ ਹੋ। ਲੋਕ ਹਰ ਦਿਨ, ਆਪਣੇ ਜਨ ਦੇ ਦਿਨ ਤੋ ਲੈ ਕੇ ਆਪਣੀ ਜਿੰਦਗੀ ਦੇ ਆਖਿਰੀ ਦਿਨ ਤੱਕ ਮੈਨੂੰ ਦੇਖਦੇ ਹਨ। ਫਿਰ ਵੀ ਕੁੱਝ ਲੋਕ ਹੀ ਮੈਨੂੰ ਚੰਗੀ ਤਰ੍ਹਾ ਜਾਣਦੇ ਹਨ। ਜ਼ਿਆਦਾਤਰ ਲੋਕ ਮੈਨੂੰ ਬੇਜ਼ਾਨ ਮੰਨਦੇ ਹਨ। ਉਹ ਨਾ ਸਿਰਫ਼ ਮੇਰੇ ਬਾਰੇ ਗਲਤ ਸਮਝਦੇ ਹਨ ਕਿ ਮੇਰੇ ਵਿੱਚ ਕੋਈ ਜਾਨ, ਕੋਈ ਜੀਵਨ ਨਹੀ ਬਲਕਿ ਉਹ ਦੂਜਿਆ ਦਾ ਅਪਮਾਨ ਕਰਨ ਵੇਲੇ ਮੇਰਾ ਨਾਮ ਵਰਤਦੇ ਹਨ।

ਪੇਜ ਨੰ: 11



## ਔਰਤਾਂ ਦੁਆਰਾ ਸਬਜੀਆਂ ਦੀ ਜੈਵਿਕ ਖੇਤੀ

ਅਦਬਹੋਰਾ ਪਿੰਡ ਦੇ ਕਿਸਾਨ ਖੇਤੀ ਦੇ ਜ਼ਿਆਦਾ ਲਾਹੇਵੰਦ ਨਾ ਹੋਣ ਕਾਰਨ ਕਸਬਿਆਂ ਅਤੇ ਸ਼ਹਿਰਾਂ ਵੱਲ ਨੂੰ ਪਲਾਇਨ ਕਰ ਰਹੇ ਸਨ। ਪਿੰਡ ਦੀਆਂ ਔਰਤਾਂ ਨੇ ਇੱਕ ਗੈਰ ਸਰਕਾਰੀ ਸੰਸਥਾ ਦੀ ਮੱਦਦ ਨਾਲ ਖੁਦ ਨੂੰ ਇੱਕ ਸਮੂਹ ਦੇ ਰੂਪ ਵਿੱਚ ਸੰਗਠਿਤ ਕੀਤਾ ਅਤੇ ਹੁਣ ਟਿਕਾਊ ਖੇਤੀ ਪੱਦਤੀਆਂ ਨੂੰ ਅਪਣਾ ਕੇ ਵਧੀਆ ਫਸਲ ਲੈ ਰਹੀਆਂ ਹਨ।

ਪੇਜ ਨੰ: 15



## ਕਰੋੜਾਂ ਤਾਈਂ ਸੁਰੱਖਿਅਤ ਖੁਰਾਕ ਮੁਹੱਈਆ ਕਰਵਾਉਣ ਦਾ ਜ਼ਰੀਆ ਹੈ ਤੰਦਰੁਸਤ ਸਜੀਵ ਮਿੱਟੀ ਦਾ ਨਿਰਮਾਣ

ਬਹੁਤ ਸਾਰੇ ਕਿਸਾਨ ਅੰਮ੍ਰਿਤ ਮਿੱਟੀ ਨਾਮਕ ਨਿਵੇਕਲੀ ਹੀ ਕਿਸਮ ਦੀ ਕੰਪੋਸਟ ਖਾਦ ਦੇ ਇਸਤੇਮਾਲ ਸਦਕਾ ਭੂਮੀ ਮੁੜ ਸਜੀਵਤਾ ਪ੍ਰਦਾਨ ਕਰ ਰਹੇ ਹਨ। ਬਿਨਾਂ ਕੋਈ ਰਸਾਇਣ ਵਰਤਿਆਂ ਆਪਣੇ ਖੇਤਾਂ ਨੂੰ ਭੂ-ਮੱਲ੍ਹੜ ਨਾਲ ਨਿਵਾਜ਼ਣ ਵਾਲੇ ਇਹ ਕਿਸਾਨ ਸਥਾਨਕ ਕੁਦਰਤੀ ਸਰੋਤਾਂ ਦਾ ਦੋਹਨ ਕਰਦੇ ਹੋਏ ਬੇਹੱਦ ਵੰਨ-ਸੁਵੰਨਤਾ ਭਰਪੂਰ ਪੋਸ਼ਕ ਖੁਰਾਕ ਪੈਦਾ ਕਰ ਰਹੇ ਹਨ।

ਪੇਜ ਨੰ: 17

## ਸੰਪਾਦਕੀ

# ਕਿਸਾਨ ਅਤੇ ਕੁਦਰਤ ਪੱਖੀ ਪਹੁੰਚ ਵਿੱਚ ਹੀ ਨਿਹਿਤ ਹੈ ਵਰਤਮਾਨ ਖੇਤੀ ਸੰਕਟ ਦਾ ਹੱਲ

ਜਦੋਂ ਗੱਲ ਖੇਤੀ ਦੀ ਤੁਰਦੀ ਹੈ ਤਾਂ ਦੇਸ ਦੇ ਸਮੁੱਚੇ ਕਿਸਾਨ ਭਾਈਚਾਰੇ ਦਾ ਦਰਦ ਮਨ ਅੰਦਰ ਅਸਿਹ ਤੜਫ ਪੈਦਾ ਕਰ ਦਿੰਦਾ ਹੈ। ਸਭ ਦਾ ਪੇਟ ਪਾਲ ਕੇ ਵੀ ਅੰਨਦਾਤਾ ਕਿਸਾਨ ਬੇਹੱਦ ਤਰਸਯੋਗ ਜੀਵਨ ਜਿਉਣ ਲਈ ਮਜ਼ਬੂਰ ਹੈ। ਆਧੁਨਿਕ ਖੇਤੀ ਦੇ ਚਲਦਿਆਂ ਜਿੱਥੇ ਭੂਮੀ, ਪਾਣੀ ਅਤੇ ਵਾਯੂ ਦਾ ਭਾਰੀ ਨੁਕਸਾਨ ਹੋਇਆ ਹੈ ਉੱਥੇ ਹੀ ਕਿਸਾਨ ਭਾਈਚਾਰੇ ਦਾ ਸਮਾਜਕ ਅਤੇ ਆਰਥਿਕ ਪੱਖ ਬੁਰੀ ਤਰ੍ਹਾਂ ਵਲੂੰਧਰਿਆ ਗਿਆ ਹੈ। ਏਕਲ ਫਸਲ ਪ੍ਰਣਾਲੀ ਪ੍ਰਧਾਨ ਅਤੇ ਬਜ਼ਾਰ ਉੱਤੇ ਨਿਰਭਰ ਆਧੁਨਿਕ ਖੇਤੀ ਦੇ ਚਲਦਿਆਂ ਕਿਸਾਨੀ ਜੀਵਨ ਵਿੱਚ ਫਸਲਾਂ ਅਤੇ ਖੁਰਾਕ ਦੀ ਵੰਨ-ਸੁਵੰਨਤਾ ਗਾਇਬ ਹੋ ਗਈ ਹੈ। ਇਸਦਾ ਸਿੱਧਾ ਅਸਰ ਕਿਸਾਨ ਭਾਈਚਾਰੇ ਦੀ ਆਰਥਿਕ ਸਿਥਿਤੀ ਉੱਤੇ ਹੋਇਆ ਹੈ। ਉਹ ਸਾਲ ਭਰ ਵਿੱਚ 2 4 ਨਕਦੀ ਫਸਲਾਂ ਪੈਦਾ ਕਰਕੇ ਫਿਰ ਪੂਰਾ ਸਾਲ ਆਪਣੀ ਖੁਰਾਕੀ ਲੋੜ ਦੀਆਂ ਸੈਂਕੜੇ ਵਸਤਾਂ ਬਾਜ਼ਾਰੋਂ ਖਰੀਦਣ 'ਚ ਲੱਗਿਆ ਰਹਿੰਦਾ ਹੈ। ਉਸਦੀ ਖੇਤੀ ਵਿੱਚ ਅਜਿਹਾ ਕੁੱਝ ਵੀ ਨਹੀਂ ਹੁੰਦਾ ਜਿਸ ਨਾਲ ਉਸਨੂੰ ਰੋਜ਼ਾਨਾ ਕੁੱਝ ਨਕਦ ਵੱਟਤ ਹੋ ਸਕੇ।

ਲੀਜ਼ਾ ਇੰਡੀਆ ਦੇ ਇਸ ਅੰਕ ਵਿੱਚ ਅਸੀਂ ਉਪਰਕੋਤ ਸਾਰੇ ਮੁੱਦਿਆਂ ਛੂੰਹਦੇ ਹੋਏ ਪਾਠਕਾਂ ਨਾਲ ਕੁੱਝ ਅਜਿਹੇ ਲੇਖ ਅਤੇ ਸਫਲ ਕਹਾਣੀਆਂ ਸਾਂਝੀਆ ਕਰਨ ਦੀ ਖੁਸ਼ੀ ਲੈ ਰਹੇ ਹਾਂ ਜਿਹਨਾਂ ਕਰਕੇ ਸਭ ਨੂੰ ਵਾਤਾਵਰਣ ਸੰਭਾਲ ਲਈ ਪ੍ਰੇਰਣਾ ਮਿਲੇਗੀ ਅਤੇ ਜਿਹਨਾਂ ਕਰਕੇ ਵਾਕਿਆ ਹੀ ਜ਼ਮੀਨੀ ਪੱਧਰ 'ਤੇ ਕੁੱਝ ਜ਼ਿਕਰਯੋਕ ਪਰਿਵਰਤਨ ਆਏ ਹਨ।

ਅਮਿਤਾ ਭਾਦੁੜੀ ਦੁਆਰਾ ਲਿਖਤ ਪੱਤ੍ਰਿਕਾ ਦਾ ਪਹਿਲਾ ਲੇਖ **'ਮੁਰੈਨਾ 'ਚ ਪਾਣੀ ਬਚਾਉਂਦੀ ਖੇਤੀ'** ਮੱਧਪ੍ਰਦੇਸ਼ ਦੇ ਮੁਰੈਨਾ ਸਥਿਤ ਪਿੰਡ ਨਿਧਾਨ 'ਚ ਖੇਤੀ ਵਿੱਚ ਪਾਣੀ ਬਚਾਉਣ ਦੀਆਂ ਨਵੀਨਤਮ ਪਹੁੰਚਾਂ ਅਪਣਾਉਣ ਸਦਕਾ ਕਿਸਾਨਾਂ ਦੇ ਜੀਵਨ ਵਿੱਚ ਆਏ ਸਕਾਰਾਤਮਕ ਪਰਿਵਰਤਨ ਦੀ ਬਾਤ ਪਾਉਂਦਾ ਹੈ। ਪੱਤ੍ਰਿਕਾ ਦਾ ਦੂਸਰਾ ਲੇਖ **'ਪਾਣੀ ਦੇ ਯੁੱਧਾਂ ਤੋਂ ਵਿਸ਼ਵ ਸ਼ਾਂਤੀ ਤੱਕ'** ਦੁਨੀਆ ਭਰ ਵਿੱਚ ਵਾਟਰ ਮੈਨ ਵਜੋਂ ਪ੍ਰਸਿੱਧ ਜਲ ਯੋਧੇ ਰਜਿੰਦਰ ਸਿੰਘ ਦੀ ਲਿਖਤ ਹੈ। ਇਸ ਲੇਖ ਵਿੱਚ ਲੇਖਕ ਵਿਸ਼ਵ ਵਿੱਚ ਸ਼ਾਂਤੀ ਬਣਾਈ ਰੱਖਣ ਹਿੱਤ ਸਭ ਲਈ ਪਾਣੀ ਦੀ ਲੋੜੀਂਦੀ ਉਪਲਭਧਤਾ ਦੀ ਮਹੱਤਤਾ 'ਤੇ ਚਾਨਣਾ ਪਾ ਰਹੇ ਹਨ। ਪ੍ਰੋਸ਼ੋਤਮ ਜਾਂਗੀੜ, ਮੋਨੂ ਕੇ ਰਾਠੋੜ ਰਣਵੀਰ, ਐਸ ਸੇਖਾਵਤ ਅਤੇ ਵੀ ਖਤਾਨਾ ਹੁਣਾਂ ਦੀ ਸਾਂਝੀ ਲਿਖਤ ਪੱਤ੍ਰਿਕਾ ਦਾ ਤੀਜਾ ਲੇਖ **'ਭੂਮੀ ਦੀ ਸਿਹਤ-ਵਧੀਆ ਝਾੜ ਦੀ ਕੂੰਜੀ'** ਫਸਲਾਂ ਤੋਂ ਤੰਦਰੁਸਤ ਅਤੇ ਸੰਤੋਸ਼ਜਨਕ ਝਾੜ ਪ੍ਰਾਪਤ ਕਰਨ ਲਈ ਸਿਹਤਮੰਦ ਭੂਮੀ ਦੇ ਨਿਰਮਾਣ ਵਿੱਚ ਜੈਵਿਕ ਮਾਦੇ ਦੀ ਉਪਯੋਗੀ ਭੂਮਿਕਾ ਦੇ ਮਹੱਤਵ ਨੂੰ ਬਿਆਨ ਕਰਦਾ ਹੈ। ਪ੍ਰੋ. ਐਮ. ਮਹਾਦੇਵੱਪਾ ਦੁਆਰਾ ਲਿਖਤ, ਪੱਤ੍ਰਿਕਾ ਦਾ ਚੌਥਾ ਲੇਖ **'ਮਿੱਟੀ ਦੀ ਪੁਕਾਰ'** ਪਾਠਕਾਂ ਦੇ ਮਨ-ਮਾਨਸ ਤੱਕ ਮਿੱਟੀ ਦੇ ਅਸਲ ਨਾਲ ਜੋੜਨ ਦਾ ਇੱਕ ਬੇਹੱਦ ਸੰਵੇਦਨਸ਼ੀਲ ਉਪਰਾਲਾ ਹੈ। ਪੱਤ੍ਰਿਕਾ ਦਾ ਪੰਜਵਾਂ ਅਤੇ ਅੰਤਿਮ ਲੇਖ **'ਔਰਤਾਂ ਦੁਆਰਾ ਸਬਜ਼ੀਆਂ ਦੀ ਜੈਵਿਕ ਖੇਤੀ'** ਹਿਰਦੇਸ਼ ਕੁਮਾਰ ਚੁਨੇਰਾ ਦਾ ਲਿਖਿਆ ਹੋਇਆ ਹੈ। ਪੱਤ੍ਰਿਕਾ ਦਾ ਛੇਵਾਂ ਅਤੇ ਆਖਰੀ ਲੇਖ **'ਕਰੋੜਾਂ ਤਾਈਂ ਸੁਰੱਖਿਅਤ ਖੁਰਾਕ ਮੁਹੱਈਆ ਕਰਵਾਉਣ ਦਾ ਜ਼ਰੀਆ ਹੈ ਤੰਦਰੁਸਤ ਸਜੀਵ ਮਿੱਟੀ ਦਾ ਨਿਰਮਾਣ'** ਦੀਪਕ ਸਚਦੇ ਅਤੇ ਡਾ. ਓਮ ਪੀ ਰੁਪੇਲਾ ਦਾ ਲਿਖਿਆ ਹੋਇਆ ਹੈ ਇਸ ਲੇਖ ਵਿੱਚ ਲੇਖਕਾਂ ਨੇ ਅੰਮ੍ਰਿਤ ਮਿੱਟੀ ਸਦਕਾ ਖੇਤੀ ਨੂੰ ਉਪਜਾਊ ਬਣਾਉਣ ਬਾਰੇ ਅਨਮੋਲ ਜਾਣਕਾਰੀ ਸਾਂਝੀ ਕੀਤੀ ਹੈ। ਇਸ ਲੇਖ ਵਿੱਚ ਲੇਖਕ ਵੱਲੋਂ ਪਹਾੜੀ ਖੇਤਰ ਵਿੱਚ ਔਰਤਾਂ ਵੱਲੋਂ ਸੰਗਠਿਤ ਹੋ ਕੇ ਸਬਜ਼ੀਆਂ ਦੀ ਖੇਤੀ ਵਿੱਚ ਕਾਮਯਾਬੀ ਹਾਸਿਲ ਕਰਨ ਦੀ ਕਹਾਣੀ ਸਾਂਝੀ ਕੀਤੀ ਗਈ ਹੈ।

ਆਸ ਹੈ ਲੀਜ਼ਾ ਇੰਡੀਆ ਦਾ ਇਹ ਪੰਜਾਬੀ ਸੰਸਕਰਣ ਹਮੇਸ਼ਾ ਵਾਂਗ ਤੁਹਾਡੀਆਂ ਉਮੀਦਾਂ 'ਤੇ ਖਰਾ ਉੱਤਰੇਗਾ।



**ਕਿਸਾਨਾਂ ਨੇ ਉਗਾਈਆਂ ਕਣਕ ਦੀਆਂ ਸੋਕਾ ਸਹਾਰ ਸਕਣ ਵਾਲੀਆਂ ਕਿਸਮਾਂ**

# ਮੁਰੈਨਾ 'ਚ ਪਾਣੀ ਬਚਾਉਂਦੀ ਖੇਤੀ

*ਅਮਿਤਾ ਭਾਦੁੜੀ*

ਮੱਧਪ੍ਰਦੇਸ਼ ਦੇ ਮੁਰੈਨਾ ਸਥਿਤ ਪਿੰਡ ਨਿਧਾਨ 'ਚ ਖੇਤੀ ਵਿੱਚ ਪਾਣੀ ਬਚਾਉਣ ਦੀਆਂ ਨਵੀਨਤਮ ਪਹੁੰਚਾਂ ਨਾਲ ਲੈਸ ਕਿਸਾਨ ਸਾਲ 'ਚ ਦੋ ਫਸਲਾਂ ਉਗਾਉਣ ਬਾਰੇ ਸੋਚਣ ਲੱਗੇ ਹਨ ਕਿਸਾਨਾਂ ਦੁਆਰਾ ਪਾਣੀ ਦੇ ਸੁਚਾਰੂ ਇਸਤੇਮਾਲ ਲਈ ਕੀਤੇ ਜਾ ਰਹੇ ਇਸ ਕਾਰਜ ਵਿੱਚ ਸਥਾਨਕ ਕ੍ਰਿਸ਼ੀ ਵਿਗਿਆਨ ਕੇਂਦਰ ਉਹਨਾਂ ਦਾ ਮਾਰਗ ਦਰਸ਼ਨ ਕਰ ਰਿਹਾ ਹੈ।

ਮੱਧ ਪ੍ਰਦੇਸ਼ ਦਾ ਔਸਤ 450 ਮਿਲੀਮੀਟਰ ਵਰਖਾ (ਜਿਹਦਾ ਕਿ ਵੱਡਾ ਹਿੱਸਾ ਜੁਲਾਈ-ਅਗਸਤ ਵਿੱਚ ਬਰਸਦਾ ਹੈ) ਵਾਲਾ ਇਹ ਪਿੰਡ-ਨਿਧਾਨ ਜ਼ਿਲ੍ਹਾ ਹੈੱਡਕੁਆਰਟਰ ਮੁਰੈਨਾ ਤੋਂ 30 ਕਿਲੋਮੀਟਰ ਦੂਰ ਸਥਿਤ ਜੌੜਾ ਬਲਾਕ 'ਚ ਪੈਂਦਾ ਹੈ।ਵੱਡੇ ਪੱਧਰ 'ਤੇ ਵਰਖਾ ਆਧਾਰਤ ਬਾਰਾਨੀ ਖੇਤੀ 'ਤੇ ਨਿਰਭਰ ਇਸ ਪਿੰਡ 'ਚ ਹਾੜੀ ਰੁੱਤੇ ਬੋਰਵੈੱਲ ਸਿੰਜਾਈ ਦਾ ਮੁੱਖ ਸਾਧਨ ਹਨ। ਪਿੰਡ ਵਿੱਚ ਲਗਾਤਾਰ ਸੋਕਾ ਪੈਣ ਕਾਰਣ ਘੱਟ ਵਰਖਾ ਵਾਲੇ ਵਰ੍ਹਿਆਂ 'ਚ ਪਿੰਡ ਦੇ ਜਿਆਦਾਤਰ ਬੋਰਵੈੱਲਸੁੱਕ ਜਾਂਦੇ ਹਨ। ਪਿੰਡ ਦੀ ਭੂਗੋਲਿਕ ਸਥਿਤੀ ਅਜਿਹੀ ਹੈ ਕਿ ਖਰੀਫ਼ ਰੁੱਤੇ ਪਿੰਡ ਦੀਆਂ ਨੀਵੀਆਂ ਜ਼ਮੀਨਾ 'ਚ ਪਾਣੀ ਭਰ ਜਾਣ ਕਾਰਨ ਬਿਜਾਈ ਹੀ ਨਹੀਂ ਪਾਉਂਦੀ। ਜਦੋਂਕਿ ਸਰਦੀਆਂ ਵਿੱਚ ਬਿਲਕੁੱਲ ਇਸੇ ਸਮੇਂ ਪਿੰਡ ਦੀਆਂ ਉੱਚੀਆਂ ਜ਼ਮੀਨਾਂ ਸੋਕੇ ਦੀਆਂ ਸ਼ਿਕਾਰ ਹੋ ਜਾਂਦੀਆਂ ਹਨ।ਕੀਟ ਅਤੇ ਬਿਮਾਰੀਆਂ ਆਮ ਹਨ। ਸੁਧਰੇ ਬੀਜਾਂ ਅਤੇ ਖੇਤੀ ਮਸ਼ੀਨਰੀ ਦੀ ਦੀ ਨਾਕਾਫੀ ਉਪਲਭਧਤਾ ਦੇ ਨਾਲ-ਨਾਲ ਮਜ਼ਦੂਰਾਂ ਦੀ ਕਮੀ ਵੀ ਵੱਡੀ ਸਮੱਸਿਆ ਹੈ।

ਬਾਜ਼ਰਾ, ਅਰਹਰ, ਕਣਕ ਅਤੇ ਸਰੋਂ ਪਿੰਡ 'ਚ ਉਗਾਈਆਂ ਜਾਣ ਵਾਲੀਆਂ ਮੁੱਖ ਫਸਲਾਂ ਹਨ। ਸਾਉਣੀ ਵਿੱਚ ਅਰਹਰ ਤੋਂ ਬਾਅਦ ਹਾੜੀ ਵਿੱਚ ਕਣਕ ਦੀ ਖੇਤੀ ਨੂੰ ਖਿੱਤੇ ਲਈ ਟਿਕਾਊ ਫਸਲ ਚੱਕਰ ਮੰਨਿਆ ਗਿਆ ਹੈ। ਹਾਲਾਂਕਿ ਬੀਤੇ ਕੁੱਝ ਵਰ੍ਹਿਆਂ ਦੌਰਾਨ ਕਈ ਕਾਰਨਾ ਕਰਕੇ ਅਰਹਰ ਕਾਸ਼ਤ ਹੇਠ ਰਕਬੇ ਵਿੱਚ ਕਮੀ ਆਈ ਹੈ। ਪਹਿਲਾਂ ਤਾਂ ਅਣਕਿਆਸੇ ਵਰਖਾ ਚੱਕਰ ਕਾਰਣ ਕਿਸਾਨ ਸਮੇਂ ਸਿਰ ਬਿਜਾਈ ਕਰਨ ਅਤੇ ਰੋਪਾਈ ਤੋਂ ਖੁੰਝ ਜਾਂਦੇ ਹਨ। ਇਸ ਕਾਰਣ ਅਰਹਰ ਦੀ ਫਸਲ ਜਿਹੜੀ ਕਿ ਆਪਣੇ ਪਕਾਅ ਲਈ ਪਹਿਲਾਂ ਹੀ 220 ਤੋਂ 250 ਦਿਨ ਦਾ ਸਮਾਂ ਲੈਂਦੀ ਹੈ ਹੋਰ ਲੰਬਾ ਸਮਾਂ ਲੈ ਜਾਂਦੀ ਹੈ। ਅਜਿਹੇ ਵਿੱਚ ਸਰਦੀਆਂ ਦੌਰਾਨ ਉਸਨੂੰ ਕੋਹਰੇ ਦੀ ਮਾਰ ਵੀ ਪੈਂਦੀ ਹੈ। ਨਾਲ ਹੀ ਵਿਲਟ ਅਤੇ ਸਟਰਲਿਟੀ ਮੋਜ਼ਾਈਕ ਵਰਗੀਆਂ ਬਿਮਾਰੀਆਂ ਵੀ ਫਸਲ ਨੂੰ ਪ੍ਰਭਾਵਿਤ ਕਰਦੀਆਂ ਹਨ। ਇਸ ਸਭ ਦੇ ਨਤੀਜੇ ਵਜੋਂ ਝਾੜ 'ਤੇ ਮਾੜਾ ਅਸਰ ਪੈਂਦਾ ਹੈ। ਪਹਿਲੀ ਫਸਲ ਦੀ ਲੰਬੀ ਮਿਆਦ ਦੂਸਰੀ ਫਸਲ ਦੀ ਸਮੇਂ ਸਿਰ ਬਿਜਾਈ ਦੀ ਇਜਾਜ਼ਤ ਨਹੀਂ ਦਿੰਦੀ, ਜਿਸ ਤੋਂ ਕਿ ਕਿਸਾਨ ਚੰਗੀ ਆਮਦਨ ਪ੍ਰਾਪਤ ਕਰਨ ਦੇ ਇੱਛਕ ਹੁੰਦੇ ਹਨ। ਇਹ ਵੀ ਦੇਖਿਆ ਗਿਆ

> ਘੱਟੋ-ਘੱਟ ਵਹਾਈ ਨਾਲ ਕਣਕ ਦੀ ਬਿਜਾਈ ਸਦਕਾ ਜਿੱਥੇ ਊਰਜਾ ਦੀ ਖਪਤ ਘਟਦੀ ਹੈ ਉੱਥੇ ਹੀ ਰੌਣੀ ਨਾ ਕਰਨ ਕਰਕੇ ਪਾਣੀ ਦੀ ਵੀ ਬੱਚਤ ਹੁੰਦੀ ਹੈ।

ਹੈ ਕਿ ਅਰਹਰ ਤੋਂ ਬਾਅਦ ਕਣਕ ਦੀ ਕਾਸ਼ਤ ਕਰਨ ’ਤੇ ਮਾਰਚ ਮਹੀਨੇ ਵਿੱਚ ਤਾਪਮਾਨ ਵਧਣ ਕਾਰਣ ਕਣਕ ਦਾ ਝਾੜ ਘਟ ਜਾਂਦਾ ਹੈ। ਬੀਤੇ ਕੁੱਝ ਵਰ੍ਹਿਆਂ ਤੋਂ ਮੱਧ ਭਾਰਤ ਦੇ ਉਹਨਾਂ ਖਿੱਤਿਆਂ ’ਚ ਕਣਕ ਦੇ ਝਾੜ ਸਬੰਧੀ ਇਹ ਸਮੱਸਿਆ ਆਮ ਹੈ ਜਿੱਥੇ ਕਿ ਸਾਉਣੀ ਵਿੱਚ ਅਰਹਰ ਮੁੱਖ ਫਸਲ ਵਜੋਂ ਉਗਾਈ ਜਾਂਦੀ ਹੈ। ਅਰਹਰ ਉਤਪਾਦਕ ਖਿੱਤਿਆਂ ਵਿੱਚ ਕਣਕ ਦੇ ਝਾੜ ਸਬੰਧੀ ਇਹ ਸਮੱਸਿਆ ਆਮ ਹੈ।

**ਸੰਭਾਵਿਤ ਹੱਲ:**

ਸਮੱਸਿਆ ਦੇ ਇੱਕ ਸੰਭਾਵੀ ਹੱਲ ਵਜੋਂ ਸਬੰਧਤ ਫਸਲਾਂ ਦੀਆਂ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਵਿਕਸਤ ਕਰਨ ’ਚ ਸੋਚਿਆ ਜਾ ਰਿਹਾ ਹੈ। ਪਰੰਤੂ ਇਲਾਕੇ ਵਿੱਚ ਉੱਚਿਤ ਸਿੰਜਾਈ ਸਹੂਲਤਾਂ ਦਾ ਹੋਣਾ ਇਹਨਾਂ ਕਿਸਮਾਂ ਦੀ ਪਹਿਲੀ ਲੋੜ ਹੈ। ਇਹ ਵੀ ਦੇਖਿਆ ਗਿਆ ਹੈ ਕਿ ਜੇਕਰ ਜੁਲਾਈ ਦੇ ਪਹਿਲੇ ਹਫ਼ਤੇ ਘੱਟ ਸਮੇਂ ਵਾਲੀ ਅਰਹਰ ਦੀ ਬਿਜਾਈ ਕਰਕੇ ਦਸੰਬਰ ਦੇ ਪਹਿਲੇ ਹਫ਼ਤੇ ਉਸਨੂੰ ਕੱਟ ਲਿਆ ਜਾਵੇ ਤਾਂ ਵਾਹਣ ਨੂੰ 5 ਤੋਂ 8 ਵਾਹਾਂ ਪਾ ਕੇ ਰੌਣੀ ਕਰਨੀ ਪਵੇਗੀ। ਇਸ ਕਾਰਨ ਕਣਕ ਦੀ ਬਿਜਾਈ ਪੱਛੜ ਜਾਵੇਗੀ। ਆਮ ਤੌਰ ’ਤੇ ਬਿਜਾਈ ਵਿੱਚ ਹਰ ਇੱਕ ਦਿਨ ਦੀ ਦੇਰੀ ਦੇ ਨਤੀਜਾ ਪ੍ਰਤਿ ਦਿਨ ਫਸਲ 1 ਤੋਂ 1.5% ਘੱਟ ਝਾੜ ਵਿੱਚ ਨਿਕਲੇਗਾ। ਇੰਨਾ ਹੀ ਨਹੀਂ ਅਗਲੀ ਫਸਲ ਨੂੰ ਉਰਜ਼ਾ, ਬੀਜ, ਪੋਸ਼ਕ ਤੱਤਾਂ ਅਤੇ ਸਿੰਜਾਈ ਦੇ ਤੌਰ ’ਤੇ ਜਿਆਦਾ ਆਗਤਾਂ ਦੀ ਲੋੜ ਪੈਂਦੀ ਹੈ। ਨਤੀਜੇ ਵਜੋਂ ਪ੍ਰਤਿ ਏਕੜ ਲਾਗਤ ਹੋਰ ਵਧ ਜਾਂਦੀ ਹੈ।

ਇਸਦੇ ਬਦਲ ਵਜੋਂ ਸਥਾਨਕ ਕ੍ਰਿਸ਼ੀ ਵਿਗਿਆਨ ਕੇਂਦਰ ਨੇ ਸਰਕਾਰ ਦੇ ਇੱਕ ਪਰੋਗਰਾਮ ਨੈਸ਼ਨਲ ਇਨੀਸ਼ੀਏਟਿਵ ਆਨ ਕਲਾਈਮੇਟ ਰਿਜ਼ੈਲੀਐਂਟ ਐਗਰੀਕਲਚਰ (ਐਨ. ਆਈ. ਸੀ. ਆਰ. ਏ. ਤਹਿਤ ਖੇਤੀ ਵਿੱਚ ਸਿੰਜਾਈ ਪ੍ਰਬੰਧਨ ਸਬੰਧੀ ਨਵੀਆਂ ਪਹਿਲਕਦਮੀਆਂ ਨੂੰ ਵਧਾਵਾ ਦੇਣ ਦੀ ਯੋਜਨਾ ਬਣਾਈ ਹੈ। 2011 ਵਿੱਚ ਲਾਗੂ ਹੋਇਆ ਇਹ ਪ੍ਰੋਜੈਕਟ ਦਾ ਮੁੱਖ ਉਦੇਸ਼ ਭਾਰਤੀ ਖੇਤੀ ਨੂੰ ਬਦਲਦੇ ਵਾਤਾਵਰਣ ਅਤੇ ਉਸਦੇ ਪ੍ਰਭਾਵਾਂ ਪ੍ਰਤਿ ਲਚੀਲਾ ਬਣਾਉਣਾ ਹੈ। ਕ੍ਰਿਸ਼ੀ ਵਿਗਿਆਨ ਕੇਂਦਰਾਂ ਦੇ ਮਾਧਿਅਮ ਨਾਲ ਨਿਰਦੇਸ਼ਤ ਕਰਦੇ ਹੋਏ ਉਹ ਦੇਸ ਦੇ 100 ਬੇਹੱਦ ਤਰਸਯੋਗ ਜ਼ਿਲ੍ਹਿਆਂ ਵਿੱਚ ਪੂਰੀ ਜ਼ਿੰਮੇਦਾਰੀ ਨਾਲ ਸਿੰਜਾਈ ਦੇ ਉਪਰੋਕਤ ਤਰੀਕੇ ਪ੍ਰਦਰਸ਼ਤ ਕਰਨ ਦੇ ਇੱਛਕ ਹਨ।

ਖਿੱਤੇ ’ਚ ਕਣਕ ਦੀਆਂ ਸੋਕਾ ਪ੍ਰਤਿਰੋਧੀ ਕਿਸਮਾਂ ਲਿਆਂਦੀਆਂ ਗਈਆਂ। ਕਣਕ ਬਿਜਾਈ ਦੀਆਂ ਮਿਤੀਆਂ ਜਿਹਨਾਂ ਕਾਰਣ ਕਿ ਕਣਕ ਦੀ ਫਸਲ ਨੂੰ ਮਾਰੂ ਗਰਮੀ ਦਾ ਸਾਹਮਣਾ ਕਰਨਾ ਪੈਂਦਾ ਸੀ ਉਹ ਥੋੜੀਆਂ ਅਗ੍ਹਾਂਊਂ ਹੋ ਗਈਆਂ। ਕ੍ਰਿਸ਼ੀ ਵਿਗਿਆਨਾ ਕੇਂਦਰ ਦੇ ਨਾਲ ਪਿੰਡ ਦੇ ਲੋਕਾਂ ਨੇ ਖੇਤੀ ਦੇ ਪੁਰਾਣੇ ਤਰੀਕਿਆਂ ਤੋਂ ਬਾਹਰ ਆਂਉਂਦੇ ਹੋਏ ਵੱਖ-ਵੱਖ ਬਦਲਾਵਾਂ ਸਬੰਧ ਪ੍ਰਯੋਗ ਸ਼ੁਰੂ ਕਰ ਦਿੱਤੇ।

ਨਿਧਾਨ ਦੇ ਕਿਸਾਨ ਸਥਾਨਕ ਕ੍ਰਿਸ਼ੀ ਵਿਗਿਆਨ ਕੇਂਦਰ ਦੀਆਂ ਮੀਟਿੰਗਾਂ ’ਚ ਸ਼ਾਮਿਲ ਹੋਣ ਲੱਗੇ। ਉਹਨਾਂ ਪਹਿਲਾਂ ਦੇ ਮੁਕਾਬਲੇ ਖੇਤਾਂ ਦੀ ਵਹਾਈ ਘਟਾ ਦਿੱਤੀ। ਆਖਰੀ ਸੁਹਾਗਾ ਮਾਰ ਕੇ ਜੀ. ਡਬਲਯੂ-366 ਜਾਂ ਐਮ ਪੀ 4010 ਕਿਸਮ ਦੀ ਕਣਕ ਬਿਜਾਈ ਮੌਕੇ ਉਹਨਾਂ ਸਿਰਫ ਇੱਕ ਵਾਹ ਤਵੀਆਂ ਦੀ ਅਤੇ ਕੇਵਲ 2 ਵਾਹਾਂ ਹਲਾਂ ਦੀਆਂ ਪਾਈਆਂ। ਕਣਕ ਦੀ ਬਿਜਾਈ ਸੀਡ ਡ੍ਰਿਲ ਨਾਲ ਲਾਈਨਾਂ ਵਿੱਚ ਕੀਤੀ ਗਈ। ਹਰੀ ਖਾਦ ਵਜੋਂ ਢੈਂਚਾ ਵੀ ਅਜ਼ਮਾਇਆ ਗਿਆ।

ਅਰਹਰ ਉਪਰੰਤ ਕਣਕ ਦੀ ਸੁੱਕੀ ਬਿਜਾਈ ਦੇ ਤਰੀਕੇ ਵੀ ਅਜ਼ਮਾਏ ਗਏ। ਅਜਿਹਾ, ਸਮਾਂ ਬਚਾਉਣ ਲਈ ਕੀਤਾ ਗਿਆ। ਜਦੋਂ ਕਿ ਇਸਤੋਂ ਪਹਿਲਾਂ ਪੁਰਾਣੇ ਢੰਗ ਨਾਲ ਬਿਜਾਈ ਦੌਰਾਨ ਰੌਣੀ ਵੱਤਰ ਆਉਣ ਤੱਕ 10-15 ਦਿਨ ਅਜਾਈਂ ਚਲੇ ਜਾਂਦੇ ਸਨ। ਜ਼ਮੀਨ ਦੀ ਥੋੜੀ ਜਿਹੀ ਤਿਆਰੀ ਉਪਰੰਤ ਤੁਰੰਤ ਬਿਜਾਈ ਕਰਨ ਸਦਕਾ ਜਿੱਥੇ ਬਹੁਤ ਘੱਟ ਉਰਜ਼ਾ ਖਰਚ ਹੋਈ ਉਥੇ ਹੀ ਰੌਣੀ ਵਾਲਾ ਪਾਣੀ ਵੀ ਬਚ ਗਿਆ। ਇਸ ਕਾਰਣ ਪੂਰੇ ਖੇਤ ਵਿੱਚ ਫਸਲ ਵੀ ਇੱਕਸਾਰ ਰਹੀ। ਪਾਣੀ ਦੇ ਨਿਰੰਤਰ ਡਿਗਦੇ ਪੱਧਰ ਤੋਂ ਚੁਕੰਨੇ ਕਿਸਾਨਾਂ ਨੇ ਪਾਣੀ ਦੀ ਘੱਟ ਵਰਤੋਂ ਦੇ ਤਰੀਕੇ ਇਸਤੇਮਾਲ ’ਚ ਲਿਆਂਦੇ। ਕਿਸਾਨਾਂ ਨੇ ਸਿਰਫ ਕਣਕ ਸਿਰਫ ਦੋ ਹੀ ਪਾਣੀ ਦੇਣ ਦੀ ਰਵਾਇਤ ਬਣਾ ਲਈ। ਫਸਲ ਦੇ ਚੋਖੇ ਜੰਮ ਲਈ ਪਹਿਲਾ ਪਾਣੀ ਬਿਜਾਈ ਉਪਰੰਤ ਤੁਰੰਤ ਬਾਅਦ ਦਿੱਤਾ ਗਿਆ। ਦੂਸਰਾ ਪਾਣੀ ਪਹਿਲੇ ਪਾਣੀ ਤੋਂ 40-45 ਦਿਨਾਂ ਬਾਅਦ ਦਿੱਤਾ ਗਿਆ। ਪਾਣੀ ਦੇ ਸੁਯੋਗ ਇਸਤੇਮਾਲ ਲਈ ਖੇਤਾਂ ਵਿੱਚ ਬੈੱਡ ਅਤੇ ਖੇਲਾਂ ਬਣਾਈਆਂ ਗਈਆਂ। ਇਸ ਪ੍ਰਕਾਰ ਕਰਨ ਨਾਲ ਪ੍ਰਤਿ ਹੈਕਟੇਅਰ ਕਣਕ ਦਾ ਝਾੜ 53.8 ਕੁਇੰਟਲ ਰਿਹਾ। ਪਿੰਡ ਦੇ ਕੁੱਲ 125 ਪਰਿਵਾਰਾਂ ਨੇ ਆਪਣੀ ਖੇਤੀ ਵਿੱਚ ਇਹ ਪਹੁੰਚ ਅਪਣਾਈ। ਝਾੜ ਪੱਖੋਂ ਅਰਹਰ ਦੀ ਕਟਾਈ ਤੋਂ ਤੁਰੰਤ ਪਹਿਲਾਂ ਅਤੇ ਕਟਾਈ ਤੋਂ ਤੁਰੰਤ ਬਾਅਦ ਰੌਣੀ ਦਾ ਨਤੀਜਾ ਦੇਖਣ ਲਈ ਇੱਕ ਤੁਲਨਾਤਕਮਕ ਅਧਿਐਨ ਕੀਤਾ ਗਿਆ।

ਅਧਿਐਨ ਵਿੱਚ ਪਾਇਆ ਗਿਆ ਕਿ ਦੂਜੀ ਸਟੇਜ ’ਚ ਝਾੜ ਅੰਦਰ ਲਗਭਗ 11% ਦਾ ਵਾਧਾ ਦਰਜ਼ ਕੀਤਾ ਗਿਆ। ਪਿੰਡ ਦੇ 32 ਕਿਸਨਾਂ ਨੇ 2012-13 ਵਿੱਚ ਜੀਰੋ ਟਿਲ ਤਕਨੀਕ ਅਪਣਾ ਕੇ 50 ਹੈਕਟੇਅਰ ਰਕਬੇ ’ਚ ਕਣਕ ਦੀ ਬਿਜਾਈ ਕੀਤੀ। ਨਤੀਜੇ ਵਜੋਂ ਉਹਨਾਂ ਨੂੰ ਪਹਿਲਾਂ ਦੇ ਮੁਕਬਲੇ ਇਸ ਰਕਬੇ ’ਚੋਂ 112 ਕੁਇੰਟਲ ਜਿਆਦਾ ਝਾੜ ਪ੍ਰਾਪਤ ਹੋਇਆ। ਇਸ ਤਰ੍ਹਾਂ ਕਰਨ ਨਾਲ ਪਿੰਡ ਨੇ 1.88 ਲੱਖ ਰੁਪਏ ਦੀ ਬੱਚਤ ਕੀਤੀ। ਕਣਕ ਬਿਜਾਈ ਦੀ ਨਿਵੇਕਲੀ ਜੀਰੋ ਟਿੱਲ ਤਕਨੀਕ ਜ਼ਿਲ੍ਹੇ ਦੇ ਨਾਲ ਨਾਲਦੇ ਪਿੰਡਾਂ ਵਿੱਚ ਵੀ ਫੈਲ ਗਈ ਅਤੇ 2013 ਹਾੜੀ ਦੇ ਸੀਜ਼ਨ ਵਿੱਚ ਇਹਦੇ ਤਹਿਤ ਸਮੁੱਚੇ ਜ਼ਿਲ੍ਹੇ ਦੇ 200 ਹੈਕਟੇਅਰ ਰਕਬੇ ਵਿੱਚ ਕਣਕ ਦੀ ਬਿਜਾਈ ਕੀਤੀ ਗਈ।

ਅਸੀਂ ਪੂਰੀ ਪੁਖਤਗੀ ਨਾਲ ਇਹ ਕਹਿ ਸਕਦੇ ਹਾਂ ਕਿ ਇਹਨਾਂ ਅਭਿਆਸਾਂ ਸਦਕਾ ਫਸਲ ਦੇ ਝਾੜ ਅਤੇ ਕਿਸਾਨ ਦੇ ਮੁਨਾਫ਼ੇ ’ਚ ਵਾਧਾ ਹੋਇਆ। ਕਿਸਾਨ ਇਸਨੂੰ ਖੇਤੀ ਦੇ ਇੱਕ ਨਵੇਂ ਤਰੀਕੇ ਵਜੋਂ ਦੇਖਦੇ ਪਏ ਹਨ। ਇਸਤੋਂ ਵੀ ਅੱਗੇ ਉਹ ਇਸ ਵਿੱਚ ਬਦਲਦੇ ਵਾਤਾਵਰਣੀ ਹਾਲਾਤਾਂ ਵਿੱਚ ਖੇਤੀ ਪ੍ਰਣਾਲੀਆਂ ਨੂੰ ਵਧੇਰੇ ਲਚੀਲੀਆਂ ਅਤੇ ਟਿਕਾਊ ਬਣਾਉਣ ਦਾ ਢੰਗ ਦੇਖਦੇ ਹਨ। ◆

**ਅਮਿਤਾ ਭਾਦੁੜੀ**
ਪ੍ਰੋਗਰਾਮ ਡਾਇਰੈਕਟਰ, ਸੋਸਾਇਟੀ ਫਾਰ ਪ੍ਰੋਮੋਸ਼ਨ
ਆਫ ਵਾਟਰਸ਼ੈਡਜ਼ ਡਿਵੈਲਪਮੈਂਟ
14 ਏ, ਵਿਸ਼ਨੂੰ ਦਿਗੰਬਰ ਮਾਰਗ, ਨਵੀਂ ਦਿੱਲੀ-110002
ਈ-ਮੇਲ: amitabhaduri@gmail.com

Water Saving in agriculture in Morena
LEISA INDIA, Vol-17, No.3, September 2015.

# ਪਾਣੀ ਦੇ ਯੁੱਧਾਂ ਤੋਂ ਵਿਸ਼ਵ ਸ਼ਾਂਤੀ ਤੱਕ

*ਰਜਿੰਦਰ ਸਿੰਘ*

ਮਾਨਸੂਨ ਨੂੰ ਸਹੇਜਣਾ: ਆਜੀਵਿਕਾ ਦਾ ਪੁਨਰਜਨਮੋ, ਲੀਜ਼ਾ ਪੱਤ੍ਰਿਕਾ 'ਚ ਮਾਰਚ 2000 ਵਿੱਚ ਛਪਿਆ ਰਾਜਸਥਾਨ ਦੇ ਅਲਵਰ ਜ਼ਿਲ੍ਹੇ ਨੂੰ ਪਾਣੀਦਾਰ ਬਣਾਉਣ ਦਾ ਤਜ਼ੁਰਬਾ ਬਿਆਨਦਾ ਜਲ-ਪੁਰਸ਼ ਰਜਿੰਦਰ ਸਿੰਘ ਦਾ ਇੱਕ ਲੇਖ। ਰਵਾਇਤੀ ਤਰੀਕਿਆਂ ਨਾਲ ਵਰਖਾ ਦਾ ਪਾਣੀ ਸਹੇਜਣ ਦੇ ਕਾਰਜ ਸਦਕਾ ਸਥਾਨਕ ਨਦੀਆਂ ਨੂੰ ਮਿਲਿਆ ਪੁਨਰਜੀਵਨ ਅਤੇ ਉਹ ਸੁੱਕੀਆਂ ਤੋਂ ਮੁੜ ਹਰੀਆਂ ਹੋ ਗਈਆਂ। ਹਥਲੇ ਲੇਖ ਵਿੱਚ ਇਸ ਕਾਰਜ ਦੀ ਸ਼ੁਰੂਆਤ ਕਰਨ ਵਾਲੀ ਸਮਾਜ ਸੇਵੀ ਸੰਸਥਾ ਤਰੁਣ ਭਾਰਤ ਸੰਘ ਦੇ ਆਗੂ ਸ੍ਰੀ ਰਜਿੰਦਰ ਸਿੰਘ ਉਹਨਾਂ ਵੱਲੋਂ ਵਿਸ਼ਵ ਦੇ ਪੰਜ ਮਹਾਦੀਪਾਂ ਵਿੱਚ ਜਲ-ਯਾਤਰਾਵਾਂ ਬਾਰੇ ਦੱਸ ਰਹੇ ਹਨ



*ਰਾਜਸਥਾਨ ਵਿੱਚ ਸਮਾਜ ਦੀ ਸਰਗਰਮ ਭਾਗੀਦਾਰੀ ਨੇ ਲੋਕਾਂ ਵਿੱਚ ਵਰਖਾ ਜਲ ਸੰਭਾਲ ਸੋਮਿਆ ਦੇ ਜਨ ਮਲਕੀਅਤ ਹੋਣ ਦੀ ਭਾਵਨਾ ਭਰੀ*

ਇਹ ਇੱਕਵੀਂ ਸਦੀ ਜਲ-ਸੋਮਿਆਂ ਦੇ ਸ਼ੋਸ਼ਣ, ਪ੍ਰਦੂਸ਼ਣ ਅਤੇ ਕਬਜ਼ਿਆਂ ਦੀ ਸਦੀ ਹੈ। ਮੇਰੇ ਜੀਵਨ ਦਾ ਇੱਕ ਵੱਡਾ ਹਿੱਸਾ ਦਰਪੇਸ਼ ਚੁਣੌਤੀਆਂ ਨਾਲ ਨਜਿੱਠਣ 'ਚ ਬੀਤਿਆ ਹੈ। ਜਦੋਂ ਮੈਂ ਅਲਵਰ ਗਿਆ, ਉਸ ਵੇਲੇ ਇਹ ਅਰਧ ਖੁਸ਼ਕ ਇਲਾਕਾ ਬਿਮਾਰੀ, ਲਾਚਾਰੀ ਅਤੇ ਬਰਬਾਦੀ ਦਾ ਸ਼ਿਕਾਰ ਸੀ। ਧਰਤੀ ਹੇਠਲੇ ਪਾਣੀ ਦੇ ਪੱਤਣ ਪੂਰੀ ਤਰ੍ਹਾਂ ਸੁੱਕ ਚੁੱਕੇ ਸਨ। ਅਸੀਂ ਬਾਰਿਸ਼ ਦਾ ਪਾਣੀ ਸਹੇਜਣਾ ਸ਼ੁਰੂ ਕੀਤਾ ਤਾਂ ਕਿ ਧੁੱਪ ਨਾਲ ਵਾਪਿਸ ਹਵਾ ਨਾ ਹੋ ਜਾਏ, ਬੇਕਾਰ ਹੀ ਰੁੜ ਨਾ ਜਾਏ। ਰਵਾਇਤੀ ਗਿਆਨ ਦਾ ਇਸਤੇਮਾਲ ਕਰਦੇ ਹੋਏ ਅਸੀਂ ਧਰਤੀ ਹੇਠਲੇ ਪੱਤਣਾ ਦੀ ਪੁਨਰ ਸੁਰਜੀਤ ਲਈ ਜੌਹੜ (ਛੋਟੇ-ਛੋਟੇ ਤਾਲਾਬ) ਬਣਾਉਣੇ ਸ਼ੁਰੂ ਕੀਤੇ। ਬਜ਼ੁਰਗਾਂ ਦੇ ਬੇਸ਼ਕੀਮਤੀ ਗਿਆਨ ਅਤੇ ਅਥੱਕ ਯਤਨਾਂ ਸਦਕਾ ਪਾਣੀ ਖੁਣੋਂ ਸੁੱਕ ਚੁੱਕੀਆਂ ਨਦੀਆਂ ਮੁੜ ਹਰੀਆਂ ਹੋ ਗਈਆਂ। ਨਤੀਜੇ ਵਜੋਂ ਸਮੁੱਚਾ ਇਲਾਕਾ ਮੁੜ ਉਪਜਾਊ ਅਤੇ ਖੁਸ਼ਹਾਲ ਹੋ ਗਿਆ। ਜਿਹਨਾਂ ਨੇ ਆਪਣੇ ਪਿੰਡ ਤਿਆਗ ਦਿੱਤੇ ਸਨ ਮੁੜ ਵਾਪਿਸ ਆ ਗਏ। ਇਸ ਸਾਰੇ ਕਾਰਜ ਵਿੱਚ ਸਥਾਨਕ ਲੋਕਾਂ ਦੀ ਸਰਗਰਮ ਸ਼ਮੂਲੀਅਤ ਇਸ ਦਾ ਇੱਕ ਵਿਲੱਖਣ ਪੱਖ ਰਹੀ ਜਿਸਨੇ ਕਿ ਲੋਕਾਂ ਨੂੰ ਉਹਨਾਂ ਵੱਲੋਂ ਖੁਦ ਬਣਾਈ ਗਈ ਸੰਪੱਤੀ ਉੱਤੇ ਆਪਣੀ ਮਾਲਕੀ ਦੀ ਭਾਵਨਾ ਨਾਲ ਲਬਰੇਜ਼ ਕੀਤਾ।

**ਅੱਗੇ ਕੀ?**

ਵਿਸ਼ਵ ਸ਼ਾਂਤੀ ਉਦੋਂ ਹੀ ਸੰਭਵ ਹੈ ਜਦੋਂ ਸਭ ਨੂੰ ਪੀਣ ਲਈ ਸਾਫ ਅਤੇ ਸ਼ੁੱਧ ਪਾਣੀ ਮਿਲੇ। ਘਰੇਲੂ ਲੋੜਾਂ ਅਤੇ ਫਸਲਾਂ ਅਤੇ ਜਾਨਵਰਾਂ ਸਮੇਤ ਹੋਰਨਾਂ ਖੇਤੀ ਕਾਰਜਾਂ ਲਈ ਪੂਰੀ ਤਰ੍ਹਾਂ ਵਰਖਾ ਆਧਾਰਤ ਕਿਸਾਨਾਂ ਲਈ ਵਰਖਾ ਦੇ ਨਿਰੰਤਰ ਬਦਲਦੇ ਚੱਕਰ ਦੇ ਮੱਦੇਨਜ਼ਰ ਜਲ ਸੋਮਿਆਂ ਦੀ ਸੰਭਾਲ ਅਤੇ ਉਹਨਾਂ ਦੇ ਪੁਖਤਾ ਪ੍ਰਬੰਧਨ ਦਾ ਕੰਮ ਵਾਤਾਵਰਣੀ ਬਦਲਾਅ ਦੀਆਂ ਚੁਣੌਤੀਆਂ ਨਾਲ ਨਜਿੱਠਣ ਹਿੱਤ ਬੇਰੋਕ ਚਲਦਾ ਰਹੇਗਾ। ਪਾਣੀ ਦੀ ਉਤਪਦਾਕਤਾ ਵਧਾ ਕੇ ਜਲ ਦਰਿਦਰਤਾ ਨੂੰ ਘਟਾਉਣਾ ਹੀ ਸੁਰੱਖਿਅਤ ਭਵਿੱਖ ਦੀ ਕੁੰਜੀ ਹੋਵੇਗਾ। ਟਿਕਾਊ ਜਲ ਸਪਲਾਈ ਲਈ ਲਾਜ਼ਮੀ ਹੈ ਕਿ ਪਾਣੀ ਦੀ ਮੰਗ ਨਿਯੰਤਰਿਤ ਕੀਤੀ ਜਾਵੇ।

**ਜਲ ਸੋਮਿਆਂ ਦੀ ਸੰਭਾਲ ਦਾ ਕਾਰਜ ਜਲਵਾਯੂ ਪਰਿਵਰਤਨ ਅਨੁਕੂਲਣ ਦੀ ਰਣਨੀਤੀ ਵਜੋਂ ਜਾਰੀ ਰਹੇਗਾ**

ਆਉਂਦੇ ਪੰਜ ਵਰ੍ਹਿਆਂ 'ਚ ਅਸੀਂ ਪੰਜ ਮਹਾਦੀਪਾਂ ਦੀਆਂ ਨਦੀਆਂ ਅਤੇ ਝੀਲਾਂ ਦੇ ਨਾਲ-ਨਾਲ ਜਲ ਯਾਤਰਾਵਾਂ ਕੱਢਣ ਜਾ ਰਹੇ ਹਾਂ। ਇਹਨਾਂ ਜਲ-ਯਾਤਰਾਵਾਂ ਦਾ ਉਦੇਸ਼ ਸਥਾਨਕ ਸਮੁਦਾਇਆਂ ਨੂੰ ਉਹਨਾਂ ਦੇ ਪਾਣੀ ਨਾਲ ਜੋ ਵਿਸ਼ਵ ਸ਼ਾਂਤੀ ਉਦੋਂ ਹੀ ਸੰਭਵ ਹੈ ਜਦੋਂ ਸਭ ਨੂੰ ਪੀਣ ਲਈ ਸਾਫ ਅਤੇ ਸ਼ੁੱਧ ਪਾਣੀ ਮਿਲੇ। ਘਰੇਲੂ ਲੋੜਾਂ ਅਤੇ ਫਸਲਾਂ ਅਤੇ ਜਾਨਵਰਾਂ ਸਮੇਤ ਹੋਰਨਾਂ ਖੇਤੀ ਕਾਰਜਾਂ ਲਈ ਪੂਰੀ ਤਰ੍ਹਾਂ ਵਰਖਾ ਆਧਾਰਤ ਕਿਸਾਨਾਂ ਲਈ ਵਰਖਾ ਦੇ ਨਿਰੰਤਰ ਬਦਲਦੇ ਚੱਕਰ ਦੇ ਮੱਦੇਨਜ਼ਰ ਜਲ ਸੋਮਿਆਂ ਦੀ ਸੰਭਾਲ ਅਤੇ ਉਹਨਾਂ ਦੇ ਪੁਖਤਾ ਪ੍ਰਬੰਧਨ ਦਾ ਕੰਮ ਵਾਤਾਵਰਣੀ ਬਦਲਾਅ ਦੀਆਂ ਚੁਣੌਤੀਆਂ ਨਾਲ ਨਜਿੱਠਣ ਹਿੱਤ ਬੇਰੋਕ ਚਲਦਾ ਰਹੇਗਾ। ਪਾਣੀ ਦੀ ਉਤਪਦਾਕਤਾ ਵਧਾ ਕੇ ਜਲ

ਦਰਿਦਰਤਾ ਨੂੰ ਘਟਾਉਣਾ ਹੀ ਸੁਰੱਖਿਅਤ ਭਵਿੱਖ ਦੀ ਕੁੰਜੀ ਹੋਵੇਗਾ। ਟਿਕਾਊ ਜਲ ਸਪਲਾਈ ਲਈ ਲਾਜ਼ਮੀ ਹੈ ਕਿ ਪਾਣੀ ਦੀ ਮੰਗ ਨਿਯੰਤਰਿਤ ਕੀਤੀ ਜਾਵੇ।

ਅਗਲੇ ਪੰਜ ਵਰ੍ਹਿਆਂ 'ਚ ਅਸੀਂ ਪੰਜ ਮਹਾਦੀਪਾਂ ਵਿੱਚ ਨਦੀਆਂ ਅਤੇ ਝੀਲਾਂ ਦੇ ਕਿਨਾਰੇ-ਕਿਨਾਰੇ ਜਲ-ਯਾਤਰਾਵਾਂ ਕੱਢਣ ਜਾ ਰਹੇ ਹਾਂ। ਇਹਨਾਂ ਯਾਤਰਾਵਾਂ ਦਾ ਮੁੱਖ ਉਦੇਸ਼ ਸਥਾਨਕ ਸਮੁਦਾਇਆਂ ਨੂੰ ਜਲ ਨਾਲ ਜੋੜਦੇ ਹੋਏ ਉਹਨਾਂ ਦੇ ਜਲ ਅਧਿਕਾਰਾਂ ਨੂੰ ਸੁਰੱਖਿਅਤ ਕਰਨਾ ਹੈ। ਯਾਤਰਾ ਦੀਆਂ ਥੀਮਾਂ ਅਤੇ ਖੁੱਲੇ ਅਸਮਾਨ ਹੇਠ ਲੱਗਣ ਵਾਲੀਆਂ ਕਲਾਸਾਂ ਪਾਣੀ ਸਬੰਧੀ ਮੁੱਦਿਆਂ ਨਾਲ ਜੁੜੀਆਂ ਉਲਝਣਾਂ ਨੂੰ ਸਮਝਣ ਲਈ ਸਭ ਨੂੰ ਸਵਾਲ ਪੁੱਛਣ ਦਾ ਮੌਕਾ ਦੇਣਗੀਆਂ। ਕੀ ਮੈਦਾਨਾਂ ਵਿੱਚ ਪਾਣੀ ਦੇ ਵਹਾਅ ਦੀ ਬਹਾਲੀ ਪਾਣੀ ਸਬੰਧੀ ਉਹਨਾਂ ਗ਼ੈਰ-ਬਰਾਬਰੀਆਂ ਨੂੰ ਘਟਾਉਣ 'ਚ ਸਫਲ ਰਹੇਗਾ ਜਿਹੜੀਆਂ ਕਿ ਸਮੁੱਚੇ ਸੰਸਾਰ ਨੂੰ ਆਪਣੀ ਜਦ ਵਿੱਚ ਲਈ ਬੈਠੀਆਂ ਹਨ ਅਤੇ ਕੀ ਇਹ ਧਰਤੀ 'ਤੇ ਇੱਕ ਵਧੇਰੇ ਸ਼ਾਂਤੀਪੂਰਣ ਯੁਗ ਨੂੰ ਯਕੀਨੀ ਬਣਾ ਸਕੇਗਾ? ਕੀ ਸੰਸਾਰ ਦੀਆਂ ਅਧਿਆਤਮਕ ਪਰੰਪਰਾਵਾਂ ਅਤੇ ਉਹਨਾਂ ਵਿੱਚ ਦਰਸਾਈ ਪਾਣੀ ਦੀ ਅਹਿਮੀਅਤ ਸਬੰਧੀ ਸਿੱਖਿਆਵਾਂ ਅਤੇ ਉਹਨਾਂ ਦੀ ਗੂੰਜ ਅਜੋਕੇ ਯੁਗ ਵਿੱਚ ਵੀ ਸਾਡੇ ਲਈ ਮੌਜੂਦ ਹੈ? ਅਤੇ ਅਸੀਂ ਉਹਨਾਂ ਸਥਾਨਕ ਸਮੁਦਾਇਆਂ ਤੋਂ ਕੀ ਸਿੱਖਿਆ ਜਿਹਨਾਂ ਨੇ ਕਿ ਸਦੀਆਂ ਤੱਕ ਵਾਤਾਵਰਣ ਅਤੇ ਕੁਦਰਤ ਨਾਲ ਸਹਿਜੀਵੀ ਸਬੰਧ ਨਿਭਾਇਆ ਹੈ?

ਜਲ-ਯਾਤਰਾਵਾਂ ਦੀ ਪਹਿਲੀ ਲੜੀ ਲਿੰਡੀਸਫਰੇਨ ਦੇ ਪਵਿੱਤਰ ਟਾਪੂ ਤੋਂ ਇੰਗਲੈਂਡ ਦੇ ਬੈੱਲਫੋਰਡ ਤੱਕ ਚੱਲੀ। ਸਮੂਹ ਜਲ-ਯਾਤਰੀ, ਸਥਾਨਕ ਸਮੁਦਾਇਆਂ ਦੇ ਮੈਂਬਰ, ਰਾਜਨੇਤਾ ਅਤੇ ਚਰਚ ਦੇ ਆਗੂਆਂ ਦੇ ਨਾਲ-ਨਾਲ ਇੱਕ ਅੰਤਰਰਾਸ਼ਟਰੀ ਵਫਦ ਨੇ ਇਸ ਮੌਕੇ ਪਾਣੀ ਅਤੇ ਵਾਤਾਵਰਣੀ ਬਦਲਾਅ ਦੇ ਮੁੱਦੇ 'ਤੇ ਹੋਈ ਇੱਕ ਭਖਵੀਂ ਵਿਚਾਰ-ਚਰਚਾ 'ਚ ਭਾਗ ਲਿਆ। ਅਗਲੀਆਂ ਜਲ-ਯਾਤਰਾਵਾਂ ਸਵੀਡਨ, ਸੰਯੁਕਤ ਰਾਜ ਅਮਰੀਕਾ ਅਤੇ ਜਰਮਨੀ ਹੋਣੀਆਂ ਤੈਅ ਹਨ ਅਤੇ 2016 ਤੋਂ ਇਹ ਯਾਤਰਾਵਾਂ ਇਹਨਾਂ ' ਚ ਭਾਗ ਲੈਣ ਵਾਲੇ ਸਮੂਹ ਦੇਸਾਂ ਵਿੱਚ ਕੱਢੀਆਂ ਜਾਣਗੀਆ। ◆

**ਰਜਿੰਦਰ ਸਿੰਘ**(jalpurushtbs@gmail.com) ਸਭ ਦੇ ਸਮਗਰ ਵਿਕਾਸ ਲਈ ਬਿਨਾਂ ਕਿਸੇ ਆਰਥਿਕ, ਜਾਤੀ ਅਤੇ ਧਰਮ ਦਾ ਭੇਦ ਕੀਤਿਆਂ ਭਾਰਤ ਵਿੱਚ ਕਾਰਜਸ਼ੀਲ ਜੱਥੇਬੰਦੀ 'ਤਰੁਣ ਭਾਰਤ ਸੰਘ' ਦੇ ਚੇਅਰਮੈਨ ਹਨ। ਉਹ ਦੇਸ ਭਰ ਵਿੱਚ ਪਾਣੀ ਦੇ ਮੁੱਦਿਆਂ 'ਤੇ ਕੰਮ ਕਰਨ ਵਾਲੀਆਂ ਦੇ ਇੱਕ ਰਾਸ਼ਟਰੀ ਨੈੱਟਵਰਕ 'ਰਾਸ਼ਟਰੀਆ ਜਲ ਬਿਰਾਦਰੀ' ਦੇ ਵੀ ਮੁਖੀ ਹਨ। ਇਸਦਾ ਮੁੱਖ ਕੰਮ ਭਾਰਤ ਦੀਆਂ ਸੁੱਕ ਚੁੱਕੀਆਂ ਸਮੂਹ ਛੋਟੀਆਂ-ਵੱਡੀਆਂ ਨਦੀਆਂ ਨੂੰ ਪੁਨਰਜੀਵਤ ਕਰਨਾ ਹੈ।

From water wars to world peace
LEISA INDIA, Vol-17, No.3, September 2015.

www.leisaindia.org

A website for learning and sharing experiences on LEISA practices

**Main Features**

- Space to share your LEISA experience.
- A source for LEISA practices followed by farmers.
- An archive of LEISA India magazines—English edition and regional editions (Kannada, Tamil, Hindi, Telugu, Oriya, Punjabi and Marathi)
- Photos and videos on LEISA practices.
- Interesting cases of people following LEISA practices.




Follow us on Facebook: www.facebook.com/Leisaindiamag
Follow us on Twitter: @LeisaIndia

# ਭੂਮੀ ਦੀ ਸਿਹਤ-ਵਧੀਆ ਝਾੜ ਦੀ ਕੁੰਜੀ

*ਪ੍ਰਸ਼ੋਤਮ ਜੰਗੀਦ, ਮੋਨੂ ਕੇ, ਗਰੋਡ ਰਨਵੀਰ, ਐੱਸ. ਸੈਖਾਵਤ ਅਤੇ ਵੀ. ਖਤਾਨਾ*

ਰਾਜਸਥਾਨ ਵਿੱਚ ਕਿਸਾਨ ਮਿੱਟੀ ਦੀ ਸਿਹਤ ਨੂੰ ਸੁਧਾਰਨ ਤੇ ਧਿਆਨ ਦੇ ਕੇ ਪੈਦਾਵਾਰ ਅਤੇ ਆਮਦਨੀ ਦੇ ਮੁੱਦੇ ਨੂੰ ਹੱਲ ਕਰ ਰਹੇ ਹਨ। ਮਿੱਟੀ ਵਿੱਚ ਜੈਵਿਕ ਮਾਦੇ ਨੂੰ ਵਧਾ ਕੇ, ਇਹ ਕਿਸਾਨ, ਖਾਸ ਕਰਕੇ ਔਰਤਾਂ, ਵੱਧ ਝਾੜ ਵਾਲੀਆਂ ਪੌਸ਼ਟਿਕਤਾ ਭਰਪੂਰ ਬਗੀਚੀਆਂ ਉਗਾ ਰਹੀਆਂ ਹਨ ਜਿਸਦਾ ਨਤੀਜਾ ਪਰਿਵਾਰ ਲਈ ਵਧੀਆ ਪੋਸ਼ਣ ਅਤੇ ਬਿਹਤਰ ਆਮਦਨ ਦੇ ਰੂਪ ਵਿੱਚ ਸਾਹਮਣੇ ਆ ਰਿਹਾ ਹੈ।

ਪੇਂਡੂ ਇਲਾਕਿਆਂ ਵਿੱਚ ਜਿੱਥੇ ਆਰਥਿਕਤਾ ਮੁੱਖ ਤੌਰ ਤੇ ਖੇਤੀ ਉੱਪਰ ਨਿਰਭਰ ਹੈ, ਮਿੱਟੀ ਦੀ ਸਿਹਤ ਹੀ ਆਮਦਨੀ ਅਤੇ ਰੋਜ਼ੀ-ਰੋਟੀ ਦੀ ਸੁਰੱਖਿਆ ਦੀ ਕੁੰਜੀ ਹੈ। ਕਈ ਅਧਿਐਨ ਦਰਸਾਉਂਦੇ ਹਨ ਕਿ ਜ਼ਮੀਨ ਦੀ ਗਲਤ ਵਰਤੋਂ ਅਤੇ ਮਿੱਟੀ ਦੇ ਪ੍ਰਬੰਧਨ ਦੇ ਗਲਤ ਤਰੀਕਿਆਂ ਕਰਕੇ ਮਿੱਟੀ ਦੀ ਸਿਹਤ ਲਗਾਤਾਰ ਡਿੱਗਦੀ ਜਾ ਰਹੀ ਹੈ। ਜੈਵਿਕ ਮਾਦੇ ਦੀ ਕਮੀ ਕਰਕੇ ਮਿੱਟੀ ਦੀ ਪਾਣੀ ਧਾਰਨ ਦੀ ਸਮਰੱਥਾ ਘਟਦੀ ਹੈ ਜਿਸ ਕਰਕੇ ਫ਼ਸਲ ਦਾ ਝਾੜ ਪ੍ਰਭਾਵਿਤ ਹੁੰਦਾ ਹੈ। ਖੇਤ ਵਿੱਚ ਰੂੜ੍ਹੀ ਪਾਉਣਾ, ਫ਼ਸਲ ਚੱਕਰ, ਮਿਸ਼ਰਿਤ ਖੇਤੀ, ਅੰਤਰ-ਫ਼ਸਲੀ, ਜ਼ਮੀਨ ਨੂੰ ਖਾਲੀ ਛੱਡਣਾ ਅਤੇ ਗਰਮੀਆਂ ਵਿੱਚ ਖੇਤ ਦੀ ਜੁਤਾਈ ਕਰਨਾ ਆਦਿ ਸਮੇਂ ਦੇ ਨਾਲ ਹੌਲੀ-ਹੌਲੀ ਬੰਦ ਹੋ ਗਈਆਂ ਕਿਉਂਕਿ ਸਰਕਾਰੀ ਨੀਤੀਆਂ ਦੁਆਰਾ ਸਹਾਇਤਾ ਪ੍ਰਾਪਤ ਰਸਾਇਣਿਕ ਖਾਦਾਂ ਅਤੇ ਏਕਲ ਫ਼ਸਲ ਪ੍ਰਣਾਲੀ ਵੱਲ ਜ਼ਿਆਦਾ ਧਿਆਨ ਦਿੱਤਾ ਗਿਆ।

## ਪਹਿਲ

PYXERA ਗਲੋਬਲ ਦੁਆਰਾ ਲਾਗੂ ਅਤੇ ਜਾਹਨ ਡੀਰੇ ਫਾਊਂਡੇਸ਼ਨ ਦੁਆਰਾ ਵਿੱਤੀ ਸਹਾਇਤਾ ਪ੍ਰਾਪਤ ਪਿੰਡ ਦੀ ਤਰੱਕੀ ਲਈ ਸਾਂਝੀ ਪਹਿਲ (ਜੀਵਾ), ਪ੍ਰੋਜੈਕਟ ਦੇ ਮੁੱਖ ਤਿੰਨ ਫੋਕਸ ਖੇਤਰਾਂ ਵਿੱਚੋਂ ਇੱਕ ਖੇਤੀ ਅਤੇ ਆਮਦਨ ਸੁਰੱਖਿਆ ਹੈ। ਪ੍ਰੋਜੈਕਟ ਜਨਵਰੀ 2013 ਤੋਂ ਰਾਜਸਥਾਨ ਦੇ ਰਾਜਸਮੰਦ ਜਿਲ੍ਹੇ ਦੇ ਰਲਮਾਜਰਾ ਬਲਾਕ ਦੀ ਸਕਰਾਵਾਸ ਪੰਚਾਇਤ ਦੇ ਤਿੰਨ ਪਿੰਡਾਂ ਵਿੱਚ ਲਾਗੂ ਕੀਤਾ ਗਿਆ ਜੋ ਕਿ ਅਰਧ-ਖੁਸ਼ਕ ਊਸ਼ਣ ਕਟੀਬੰਧੀ ਖੇਤਰ ਅਧੀਨ ਆਉਂਦਾ ਹੈ।

> ਵਰਮੀ ਕੰਪੋਸਟ ਤਿਆਰ ਕਰਕੇ ਬਗੀਚੀਆਂ ਵਿੱਚ ਪਾਈ ਗਈ। ਬਦਲੇ ਵਿੱਚ, ਸਬਜੀਆਂ ਦੀ ਰਹਿੰਦ-ਖੂੰਹਦ ਅਤੇ ਪੱਤਿਆਂ ਨੂੰ ਵਾਪਸ ਵਰਮੀ ਕੰਪੋਸਟ ਬਣਾਉਣ ਲਈ ਵਰਤਿਆ ਗਿਆ।

ਪੇਂਡੂ ਪਰਿਵਾਰਾਂ ਦੀ ਖੇਤੀ ਦੀ ਆਮਦਨ ਵਿੱਚ ਟਿਕਾਊ ਸੁਧਾਰ ਲਿਆਉਣ ਵਿੱਚ ਮਿੱਟੀ ਦੀ ਸਿਹਤ ਦੇ ਮਹੱਤਵ ਨੂੰ ਸਮਝਦੇ ਹੋਏ ਮਿੱਟੀ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਲਈ ਯਤਨ ਕੀਤੇ ਗਏ। ਡੈਮੋ-ਪਲਾਟ ਆਧਾਰਿਤ ਸਿਖਲਾਈ ਕਿਸਾਨਾਂ ਨੂੰ ਦਿੱਤੀ ਗਈ। ਸਿਖਲਾਈ ਖੇਤਰ ਦੀਆਂ ਤਿੰਨ ਮੁੱਖ ਫ਼ਸਲਾਂ ਬਾਰੇ ਦਿੱਤੀ ਗਈ। 2013-14 ਦੌਰਾਨ ਕੁੱਲ 18 ਡੈਮੋ ਕਿਸਾਨ ਚੁਣੇ ਗਏ ਅਤੇ ਔਸਤਨ 25 ਕਿਸਾਨਾਂ ਨੇ ਹਰੇਕ ਸਿਖਲਾਈ ਵਿੱਚ ਹਿੱਸਾ ਲਿਆ।

ਗਰਮੀਆਂ ਵਿੱਚ ਜੁਤਾਈ ਅਤੇ ਏਕੀਕ੍ਰਿਤ ਮਿੱਟੀ ਪੋਸ਼ਣ ਪ੍ਰਬੰਧਨ ਜਿਹੀਆਂ ਗਤੀਵਿਧੀਆਂ ਬਾਰੇ ਜਾਗਰੂਕਤਾ ਫੈਲਾਈ ਗਈ। ਕਿਸਾਨਾਂ ਨੂੰ ਮਿੱਟੀ ਦੇ ਨਮੂਨੇ ਇਕੱਠੇ ਕਰਨ ਦੀ ਟ੍ਰੇਨਿੰਗ ਦਿੱਤੀ ਗਈ ਅਤੇ ਮਿੱਟੀ ਪਰੀਖਣ ਦੇ ਨਤੀਜਿਆਂ ਨੂੰ ਸਮਝਣ ਵਿੱਚ ਮੱਦਦ ਕੀਤੀ ਗਈ। ਖਾਦ ਦੀ ਵਰਤੋਂ ਦੇ ਮਹੱਤਵ ਬਾਰੇ ਜਾਗਰੂਕਤਾ ਪੈਦਾ ਕੀਤੀ ਗਈ।



*ਜੈਵਿਕ ਖਾਦ ਭਰਪੂਰ ਘਰੇਲੂ ਬਗ਼ੀਚੀ ਦੀ ਤੰਦਰੁਸਤ ਪੈਦਾਵਾਰ*

ਸਿਖਲਾਈ ਤੋਂ ਬਾਅਦ, ਕਈ ਗਤੀਵਿਧੀਆਂ ਜਿਵੇਂ ਗਰਮੀਆਂ ਦੀ ਜੁਤਾਈ, ਮਿੱਟੀ ਪਰੀਖਣ, ਕੰਪੋਸਟਿੰਗ, ਵਰਮੀ-ਕੰਪੋਸਟ, ਸਬਜੀਆਂ ਦੀ ਖੇਤੀ ਅਤੇ ਫਸਲੀ ਚੱਕਰ ਆਦਿ ਵਿੱਚ ਕਿਸਾਨਾਂ ਦੀ ਦਿਲਚਸਪੀ ਵਿੱਚ ਵਾਧਾ ਹੋਇਆ ਦਿਖਣਾ ਸ਼ੁਰੂ ਹੋਇਆ। ਕਿਸਾਨਾਂ, ਜਿੰਨਾ ਵਿੱਚ ਮਹਿਲਾ ਕਿਸਾਨ ਵੀ ਸ਼ਾਮਿਲ ਸਨ, ਨੇ ਮਿੱਟੀ ਦੇ ਨਮੂਨੇ ਇਕੱਠੇ ਕਰਨ ਦੀ ਪ੍ਰਕ੍ਰਿਆ ਸਿੱਖੀ।

ਉਹਨਾਂ ਨੇ 2013 ਵਿੱਚ 132 ਅਤੇ 2014 ਵਿੱਚ 208 ਨਮੂਨੇ ਇਕੱਠੇ ਕੀਤੇ ਅਤੇ ਪਰੀਖਣ ਲਈ ਭੇਜੇ। ਨਮੂਨਿਆਂ ਵਿੱਚ ਪਾਇਆ ਗਿਆ ਕਿ ਮਿੱਟੀ ਵਿੱਚ ਪੋਟਾਸ਼ ਭਰਪੂਰ ਹੈ ਪਰ ਫਾਸਫੋਰਸ ਦੀ ਕਮੀ ਹੈ। ਜ਼ਿਆਦਾਤਰ ਨਮੂਨਿਆਂ ਵਿੱਚ ਜੈਵਿਕ ਮਾਦਾ ਘੱਟ ਸੀ। ਔਸਤਨ ਜੈਵਿਕ ਮਾਦਾ 0.354 ਫ਼ੀਸਦੀ ਸੀ ਅਤੇ ਮਈ 2013 ਵਿੱਚ ਲਈੇ ਗਏ 132 ਨਮੂਨਿਆਂ ਵਿੱਚੋਂ ਕਿਸੇ ਵਿੱਚ ਵੀ ਇੱਕ ਫ਼ੀਸਦੀ ਤੋ ਜ਼ਿਆਦਾ ਜੈਵਿਕ ਮਾਦਾ ਨਹੀ ਸੀ।

ਕਿਸਾਨਾਂ ਨੂੰ ਪਸ਼ੂਆਂ ਦੇ ਗੋਬਰ ਅਤੇ ਖੇਤੀ ਦੀ ਰਹਿੰਦ-ਖੂੰਹਦ ਨੂੰ ਕੰਪੋਸਟ/ਵਰਮੀ ਕੰਪੋਸਟ ਵਿੱਚ ਤਬਦੀਲ ਕਰਨ ਲਈ ਉਤਸ਼ਾਹਿਤ ਕੀਤਾ ਗਿਆ। ਸਭ ਡੈਮੋ-ਕਿਸਾਨਾਂ ਨੂੰ ਨਾਡੇਪ ਅਤੇ ਵਰਮੀ ਕੰਪੋਸਟ ਪਿੱਟ ਬਣਾਉਣ ਲਈ ਨਿਰਮਾਣ ਲਾਗਤ ਵਿੱਚ ਕੁੱਝ ਸਹਿਯੋਗ ਦਿੱਤਾ ਗਿਆ। ਹੋਰ 34 ਕਿਸਾਨਾਂ ਨੇ ਆਪਣੇ ਆਪ ਹੀ ਵਰਮੀ ਕੰਪੋਸਟ ਪਿੱਟਾਂ ਬਣਵਾਈਆਂ।

ਵਰਤਮਾਨ ਵਿੱਚ, ਤਿੰਨ ਪਿੰਡਾਂ ਵਿੱਚ 52 ਕਿਸਾਨਾਂ ਨੇ 100 ਕਿਲੋ ਤੋਂ ਲੈ ਕੇ 4550 ਕਿਲੋ ਤੱਕ ਵਰਮੀ ਕੰਪੋਸਟ ਤਿਆਰ ਕੀਤੀ ਅਤੇ ਹੋਰ ਕਿਸਾਨ ਵੀ ਦਿਲਚਸਪੀ ਦਿਖਾ ਰਹੇ ਹਨ। ਕੁੱਝ ਕਿਸਾਨ ਆਪਣੇ ਮੌਜੂਦਾ ਸਥਾਨਾਂ ਨੂੰ ਜਿਵੇਂ ਕਿ ਖਾਲੀ ਛੱਡੀਆਂ ਖੁਰਲੀਆਂ ਨੂੰ ਹੀ ਵਰਤ ਰਹੇ ਹਨ ਤਾਂਕਿ ਉਹ ਵੱਡੇ ਪੈਮਾਨੇ ਤੇ ਉਤਪਾਦਨ ਵਧਾਉਣ ਤੋਂ ਪਹਿਲਾਂ ਕੁੱਝ ਅਨੁਭਵ ਪ੍ਰਾਪਤ ਕਰ ਸਕਣ। ਔਰਤਾਂ ਵਰਮੀ ਕੰਪੋਸਟ ਬਣਾਉਣ ਵਿੱਚ ਮੁੱਖ ਭੂਮਿਕਾ ਨਿਭਾ ਰਹੀਆਂ ਹਨ। ਹਾਲਾਂਕਿ, ਕੁੱਝ ਕਿਸਾਨ ਔਰਤਾਂ ਆਪਣੇ ਹੱਥਾਂ ਨਾਲ ਗੰਡੋਇਆਂ ਨੂੰ ਛੂਹਣ ਵਿੱਚ ਸਹਿਜ ਨਹੀ ਸਨ ਅਤੇ ਇਹ ਗੱਲ ਇਸ ਦੇ ਵਿਸਤਾਰ ਵਿੱਚ ਇੱਕ ਮੁਸ਼ਕਿਲ ਬਣ ਗਈ। ਇਸੇ ਕਰਕੇ ਬਹੁਤ ਰੁਚੀ ਰੱਖਣ ਵਾਲੇ ਕਿਸਾਨਾਂ ਨੇ ਵੀ ਇਸ ਨੂੰ ਨਹੀ ਅਪਣਾਇਆ। ਜੀਵਾ ਵੱਲੋਂ ਇੱਕ ਸਾਧਾਰਨ ਸੰਦ ਉਪਲਬਧ ਕਰਵਾਇਆ ਗਿਆ ਜਿਸ ਨਾਲ ਬਿਨਾਂ ਗੰਡੋਇਆ ਨੂੰ ਠੇਸ ਪਹੁੰਚਾਇਆਂ ਕੰਪੋਸਟ ਨੂੰ ਹਿਲਾਇਆ ਜਾ ਸਕਦਾ ਸੀ ਅਤੇ ਕਿਸਾਨਾਂ ਨੂੰ ਗੰਡੋਇਆਂ ਨੂੰ ਛੂਹਣ ਬਾਰੇ ਚਿੰਤਾ ਕਰਨ ਦੀ ਲੋੜ ਨਹੀ ਸੀ। ਇਹ ਪਹਿਲਾਂ ਦੇ ਮੁਕਾਬਲੇ ਜ਼ਿਆਦਾ ਸਾਫ਼-ਸੁਥਰੀ ਪ੍ਰਕ੍ਰਿਆ ਸੀ।

ਔਰਤਾਂ ਨੂੰ ਪੌਸ਼ਣ ਭਰਪੂਰ ਬਗੀਚੀ ਬਾਰੇ ਵੀ ਸਿਖਲਾਈ ਦਿੱਤੀ ਗਈ। ਉਹ ਆਪਣੀ ਘਰੇਲੂ ਖਪਤ ਲਈ ਸਬਜੀਆਂ ਉਗਾ ਰਹੀਆਂ ਸਨ ਅਤੇ ਵਾਧੂ ਮਾਤਰਾ ਵੇਚ ਦਿੰਦੀਆਂ ਸਨ। 25 ਦੇ ਲਗਭਗ ਔਰਤਾਂ ਨੇ ਬਗੀਚੀ ਉਗਾਉਣੀ ਸ਼ੁਰੂ ਕੀਤੀ ਜਿਸ ਵਿੱਚ ਉਹਨਾਂ ਨੇ ਬੰਦ ਗੋਭੀ, ਫੁੱਲ ਗੋਭੀ, ਪਾਲਕ, ਟਮਾਟਰ, ਮਿਰਚ ਅਤੇ ਬੈਂਗਣ ਆਦਿ ਸਬਜੀਆਂ ਲਗਾਈਆਂ। ਕੁੱਝ ਔਰਤਾਂ ਨੇ ਗਾਜਰ, ਮੂਲੀ ਅਤੇ ਧਨੀਆ ਉਗਾਇਆ। ਬਗੀਚੀਆਂ ਵਿੱਚ ਵਰਮੀ ਕੰਪੋਸਟ ਪਾਈ ਗਈ। ਬਦਲੇ ਵਿੱਚ ਸਬਜੀਆਂ ਦੀ ਰਹਿੰਦ-ਖੂੰਹਦ ਅਤੇ ਪੱਤਿਆਂ ਨੂੰ ਵਾਪਸ ਵਰਮੀ ਕੰਪੋਸਟ ਬਣਾਉਣ ਲਈ ਵਰਤਿਆ ਗਿਆ।

## ਨਤੀਜੇ

ਮਈ-ਜੂਨ 2014 ਵਿੱਚ ਲਏ ਗਏ ਮਿੱਟੀ ਦੇ 208 ਨਮੂਨਿਆਂ ਦੇ ਪਰੀਖਣ ਵਿੱਚ ਪਾਇਆ ਗਿਆ ਕਿ ਪਿਛਲੇ ਸਾਲ ਦੇ 0.354% ਦੇ ਮੁਕਾਬਲੇ ਮਿੱਟੀ ਵਿੱਚ ਜੈਵਿਕ ਮਾਦਾ ਵਧ ਕੇ ਔਸਤਨ 0.457% ਹੋ ਗਿਆ ਹੈ। ਜੈਵਿਕ ਮਾਦੇ ਵਿੱਚ ਵਾਧਾ ਅੰਸ਼ਿਕ ਰੂਪ ਵਿੱਚ ਮਿੱਟੀ ਦੀ ਉਪਜਾਊ ਸ਼ਕਤੀ ਵਧਾਉਣ ਲਈ ਅਪਣਾਏ ਗਏ ਕਈ ਤਰੀਕਿਆਂ, ਖਾਸ ਕਰਕੇ ਵਰਮੀ ਕੰਪੋਸਟ ਕਰਕੇ ਹੋ ਸਕਦਾ ਹੈ। ਇਸਦੇ ਨਾਲ ਹੀ ਜਿੰਨਾਂ ਔਰਤਾਂ ਨੇ ਵਰਮੀ ਕੰਪੋਸਟ ਦੀ ਵਰਤੋਂ ਕਰਕੇ ਆਪਣੀ ਬਗੀਚੀ ਤਿਆਰ ਕੀਤੀ, ਉਹਨਾਂ ਨੂੰ ਵਧੀਆ ਝਾੜ ਮਿਲਿਆ। 6 ਦੇ ਕਰੀਬ ਔਰਤਾਂ ਨੇ 500 ਕਿਲੋ ਤੋਂ ਜ਼ਿਆਦਾ ਸਬਜੀਆਂ ਦਾ ਝਾੜ ਪ੍ਰਾਪਤ ਕੀਤਾ।

ਪ੍ਰੋਜੈਕਟ ਦੇ ਇੱਕ ਸਾਲ ਦੇ ਤਜ਼ਰਬੇ ਤੋਂ ਪਤਾ ਚੱਲਦਾ ਹੈ ਕਿ ਮਿੱਟੀ ਦੀ ਸਿਹਤ ਹੀ ਝਾੜ ਵਧਾਉਣ ਦਾ ਕੇਂਦਰੀ ਬਿੰਦੂ ਹੈ, ਜਿਸ ਨੂੰ ਕਿਸਾਨ ਵੀ ਪਛਾਣਦੇ ਹਨ ਅਤੇ ਅਜਿਹੇ ਅਮਲ ਦਾ ਵਿਸਤਾਰ ਤੇਜ਼ੀ ਨਾਲ ਕੀਤਾ ਜਾ ਸਕਦਾ ਹੈ ਜੇਕਰ ਇਸਨੂੰ ਭਾਗੀਦਾਰੀ ਵਾਲੇ ਢੰਗ ਨਾਲ ਅੱਗੇ ਵਧਾਇਆ ਜਾਵੇ। ◆

**ਪ੍ਰਸ਼ੋਤਮ ਜੰਗਿੜ, ਮੋਨੂ ਕੇ, ਰਾਠੌੜ ਰਣਵੀਰ, ਐਸ. ਸੈਖਾਵਤ ਅਤੇ ਵੀ. ਖਤਾਨਾ**
ਜੋਆਇੰਟ ਇਨੀਸ਼ੀਏਟਿਵ ਫਾਰ ਵਿਲੇਜ਼ ਡਿਵੈਲਪਮੈਂਟ (JIVA),
ਰੇਲਮਾਗਰਾ, ਰਾਜਸਮੰਦ ਜ਼ਿਲ੍ਹਾ, ਰਾਜਸਥਾਨ
Email: vkhatana@PYXERAGlobal.org

Soil Health- Key to improved yields
LEISA INDIA, Vol-17, No. 1, March 2015.



*ਖੇਤ ਵਿੱਚ ਗੰਡੋਇਆਂ ਦੀ ਖਾਦ ਪਾਉਂਦੇ ਹੋਏ*

# ਜਦ ਮਿੱਟੀ ਬੋਲੀ

ਪ੍ਰੋ. ਐਮ. ਮਹਾਦੇਵੱਪਾ

ਤੁਸੀ ਸਭ ਮੈਨੂੰ ਜਾਣਦੇ ਹੋ। ਲੋਕ ਹਰ ਦਿਨ, ਆਪਣੇ ਜਨ ਦੇ ਦਿਨ ਤੋ ਲੈ ਕੇ ਆਪਣੀ ਜਿੰਦਗੀ ਦੇ ਆਖਿਰੀ ਦਿਨ ਤੱਕ ਮੈਨੂੰ ਦੇਖਦੇ ਹਨ। ਫਿਰ ਵੀ ਕੁੱਝ ਲੋਕ ਹੀ ਮੈਨੂੰ ਚੰਗੀ ਤਰ੍ਹਾ ਜਾਣਦੇ ਹਨ। ਜ਼ਿਆਦਾਤਰ ਲੋਕ ਮੈਨੂੰ ਬੇਜ਼ਾਨ ਮੰਨਦੇ ਹਨ। ਉਹ ਨਾ ਸਿਰਫ਼ ਮੇਰੇ ਬਾਰੇ ਗਲਤ ਸਮਝਦੇ ਹਨ ਕਿ ਮੇਰੇ ਵਿੱਚ ਕੋਈ ਜਾਨ, ਕੋਈ ਜੀਵਨ ਨਹੀ ਬਲਕਿ ਉਹ ਦੂਜਿਆ ਦਾ ਅਪਮਾਨ ਕਰਨ ਵੇਲੇ ਮੇਰਾ ਨਾਮ ਵਰਤਦੇ ਹਨ। ਉਦਾਹਰਨ ਲਈ, ਉਹ ਕਹਿੰਦੇ ਹਨ, ਤੈਨੂੰ ਕੀ ਪਤਾ ਹੈ, ਮੰਨੂ (ਮਿੱਟੀ, ਤਮਿਲ ਵਿੱਚ ਮਿੱਟੀ ਨੂੰ ਮੰਨੂੰ ਕਹਿੰਦੇ ਹਨ), ਮੰਨਾਗੱਟੀ (ਮੰਨਾਗੱਟੀ ਤਮਿਲ ਵਿੱਚ ਉਦੋਂ ਵਰਤਦੇ ਹਨ ਜਦ ਕਹਿਣਾ ਹੋਵੇ ਕਿ ਤੂੰ ਨਿਰਾ ਬੇਵਕੂਫ ਹੈ, ਤੈਨੂੰ ਕੱਖ ਨਹੀ ਪਤਾ) ਆਦਿ। ਉਹ ਮੈਨੂੰ ਲਤਾੜਦੇ ਹਨ, ਧਮਾਕੇ ਕਰਦੇ ਹਨ, ਖੋਦਦੇ ਹਨ, ਕੱਟਦੇ ਹਨ, ਬਿੰਨ੍ਹਦੇ ਹਨ, ਰਗੜਦੇ ਹਨ, ਪੀਸਦੇ ਹਨ, ਪਾਊਡਰ ਕਰਦੇ ਹਨ, ਜਲਾਉਂਦੇ ਹਨ, ਪਾਣੀ ਵਿੱਚ ਪਾਉਂਦੇ ਹਨ, ਮੇਰੇ ਤੋਂ ਇੱਟਾਂ ਬਣਾਉਂਦੇ ਹਨ ਅਤੇ ਮੈਨੂੰ ਦਸੀਓ, ਸੈਂਕੜੇ ਸਾਲਾਂ ਲਈ ਇੱਕ ਜਗ੍ਹਾ ਤੇ ਬੰਨ੍ਹ ਦਿੰਦੇ ਹਨ। ਇਹ ਸਭ ਕਰਦੇ ਹੋਏ ਉਹ ਸੋਚਦੇ ਹਨ ਕਿ ਮੇਰੇ ਵਿੱਚ ਕੋਈ ਜਾਨ ਨਹੀ। ਪ੍ਰੰਤੂ ਫਿਰ ਵੀ ਜੋ ਕੁੱਝ ਵੀ ਉਹ ਕਰਦੇ ਹਨ, ਮੈਂ ਮਰਦੀ ਨਹੀ। ਮੈਂ ਸਦਾ ਜਿੰਦਾ ਹਾਂ ਅਤੇ ਜਿੰਦਗੀ ਨਾਲ ਭਰੀ ਹੋਈ ਹਾਂ। ਤੁਸੀ ਹੈਰਾਨ ਹੋ ਰਹੇ ਹੋਵੋਗੇ ਕਿ ਇਹ ਕੌਣ ਦੋਸਤ ਅਤੇ ਰਿਸ਼ਤੇਦਾਰ ਹਨ ਜੋ ਮੇਰੇ ਬਣਨ ਦੇ ਏਨੇ ਦਹਾਕਿਆਂ ਅਤੇ ਸਦੀਆਂ ਤੋਂ ਬਾਅਦ ਵੀ ਮੈਨੂੰ ਮਰਨ ਨਹੀ ਦਿੰਦੇ? ਇਹ ਓਹਨਾਂ ਬਾਰੇ ਦੱਸਣ ਦਾ ਇੱਕ ਵਧੀਆ ਮੌਕਾ ਹੈ।

ਮੇਰੇ ਕਰੀਬੀ ਦੋਸਤਾਂ, ਜੋ ਮੈਨੂੰ ਬਹੁਤ ਹੀ ਚੰਗੀ ਤਰ੍ਹਾ ਜਾਣਦੇ ਹਨ, ਵਿੱਚ ਸੂਰਜ ਅਤੇ ਚੰਦ, ਹਵਾ, ਪਾਣੀ, ਮੱਲੜ੍ਹ, ਸਭ ਬਨਸਪਤੀ ਅਤੇ ਜੀਵ (ਆਖਿਰ ਵਿੱਚ ਮਨੁੱਖ ਵੀ) ਸ਼ਾਮਿਲ ਹਨ। ਬਨਸਪਤੀ ਅਤੇ ਜੀਵਾਂ ਦੀਆਂ ਸਾਰੀਆਂ ਪ੍ਰਜਾਤੀਆਂ ਵਿੱਚੋਂ, ਮਨੁੱਖ ਨੂੰ ਛੱਡ ਕੇ ਸਭ ਨਿਰਸਵਾਰਥ ਹਨ। ਉਹ ਮੇਰੇ ਤੋਂ ਬਦਲੇ ਵਿੱਚ ਕੁੱਝ ਮਿਲਣ ਦੀ ਉਮੀਦ ਕੀਤੇ ਬਿਨਾਂ ਮੈਨੂੰ ਉਹ ਸਭ ਦਿੰਦੇ ਹਨ ਜੋ ਮੈਨੂੰ ਚਾਹੀਦਾ ਹੁੰਦਾ ਹੈ।



ਸੰਖੇਪ ਵਿੱਚ ਜਾਂ ਸਹੀ ਕਹਾਂ ਤਾਂ ਮਨੁੱਖ ਦੁਆਰਾ ਜਿੰਨੇ ਵੀ ਤਸੀਹੇ/ਦੁੱਖ ਮੈਨੂੰ ਦਿੱਤੇ ਹਨ, ਉਹ (ਮਨੁੱਖ ਨੂੰ ਛੱਡ ਕੇ ਬਾਕੀ ਸਭ) ਉਸ ਸਭ ਦਾ ਇਲਾਜ ਕਰਦੇ ਹਨ।ਜਦ ਮਨੁੱਖ ਜਾਣੇ-ਅਣਜਾਣੇ ਵਿੱਚ ਮੱਲੜ੍ਹ ਜੋ ਕਿ ਮੇਰੇ ਸ਼ੁਭਚਿੰਤਕਾਂ ਲਈ, ਮੇਰੇ ਵਜ਼ੂਦ ਲਈ, ਮੇਰੇ ਵਿਕਾਸ ਲਈ, ਮੇਰੇ ਦੋਸਤਾਂ ਦੇ ਵਿਕਾਸ ਦੇ ਅਧਿਕਤਮ ਪੱਧਰ ਲਈ, ਉਹਨਾਂ ਦੀ ਆਬਾਦੀ ਦੇ ਵਾਧੇ ਲਈ ਫਾਇਦੇਮੰਦ ਹੈ, ਨੂੰ ਖਤਮ ਕਰਨ ਦਾ ਜੋ ਰਾਹ ਫੜ੍ਹਿਆ ਹੈ ਉਸ ਨਾਲ ਇਹ ਸਭ ਪ੍ਰਭਾਵਿਤ ਹੋ ਰਿਹਾ ਹੈ।

ਮੈਂ ਗਰੀਬ ਹੋ ਗਈ ਹਾਂ। ਉਹ ਵੀ ਗਰੀਬ ਹੋ ਗਿਆ ਹੈ। ਜਾਨਵਰ ਵੀ ਗਰੀਬ ਹੋ ਗਏ ਹਨ। ਧਰਤੀ ਉੱਪਰ ਜੀਵਾਂ ਦੇ ਪਣਪਣ ਦੇ ਸਮੇਂ ਤੋਂ ਹੀ ਜੀਵਾਂ ਵਿੱਚਕਾਰ, ਜੀਵਾਂ ਅਤੇ ਬਨਸਪਤੀ ਵਿਚਕਾਰ ਆਪਸੀ ਲੈਣ ਦੇਣ ਦੀ, ਪਿਆਰ ਨਾਲ ਇੱਕ ਦੂਜੇ ਦੀ ਮੰਗ ਪੂਰੀ ਕਰਨ ਦੀ ਪ੍ਰੰਪਰਾ ਚੱਲੀ ਆ ਰਹੀ ਹੈ।ਧਰਤੀ ਉੱਪਰ ਸਿਰਫ ਇੱਕ ਹੀ ਜੀਵ ਹੈ ਜੋ ਇਸ ਪ੍ਰੰਪਰਾ ਵਿੱਚੋਂ ਬਾਹਰ ਆ ਗਿਆ ਹੈ ਅਤੇ ਉਹ ਹੈ ਮਨੁੱਖ। ਮੈਂ ਆਪਣੇ ਹੋਰ ਦੋਸਤਾਂ ਦੀ ਤੁਹਾਡੇ ਨਾਲ ਪਛਾਣ ਕਰਵਾਉਣ ਲਈ ਏਨੀ ਉਤਸੁਕ ਹਾਂ ਕਿ ਫਿਲਹਾਲ ਆਪਾਂ ਇਸ ਮੁੱਦੇ ਨੂੰ ਕੁੱਝ ਸਮੇਂ ਲਈ ਪਾਸੇ ਰੱਖਦੇ ਹਾਂ।

### ਸੂਰਜ

ਮੇਰਾ ਨਿਰਮਾਣ, ਵਜ਼ੂਦ, ਵਿਕਾਸ, ਆਦਰਸ਼ ਤਾਪਮਾਨ ਜੋ ਕਿ ਮੇਰੇ ਬਨਸਪਤੀ ਅਤੇ ਜੀਵਾਂ ਦੇ ਸਮੂਹਿਕ ਵਿਕਾਸ ਅਤੇ ਜਨਸੰਖਿਆ ਵਾਧੇ ਲਈ ਜਰੂਰੀ ਹੈ, ਸਭ ਸੂਰਜ ਉੱਪਰ ਨਿਰਭਰ ਕਰਦਾ ਹੈ। ਇਸਦੇ ਇਲਾਵਾ ਵਿਸ਼ੇਸ਼ ਜੀਵਾਂ ਲਈ ਜਰੂਰੀ ਭਿੰਨ ਤਾਪਮਾਨ ਮੁਹੱਈਆ ਕਰਵਾਉਣਾ, ਕਿਰਨਾਂ ਅਤੇ ਰੌਸ਼ਨੀ ਪ੍ਰਦਾਨ ਕਰਨੀ, ਸਭ ਸੂਰਜ ਉੱਪਰ ਹੀ ਨਿਰਭਰ ਕਰਦਾ ਹੈ।ਮੇਰੇ ਤੋਂ ਵੱਡਾ ਹੋਣ ਦੇ ਨਾਤੇ ਉਹ ਹਨ੍ਹੇਰੇ ਦਾ ਪਿੱਛਾ ਕਰਦੇ ਹੋਏ ਸਭ ਸੰਸਾਰ ਵਿੱਚ ਰੌਸ਼ਨੀ ਫੈਲਾਉਂਦਾ ਹੈ ਅਤੇ ਉਹ ਪੂਜਾ ਦੇ ਲਈ ਸਭ ਤੋਂ ਯੋਗ ਹੈ।ਉਹ ਜਾਣਦਾ ਹੈ ਕਿ ਇਹ ਖਤਰਨਾਕ ਹੋਵੇਗਾ ਜੇਕਰ ਲਗਾਤਾਰ ਦਿਨ ਹੀ ਹੋਵੇ ਜਾਂ ਸਿਰਫ ਰਾਤ ਹੀ ਹੋਵੇ ਅਤੇ ਉਹ ਉੱਚਿਤ ਹੀ ਅੱਧੇ ਦਿਨ ਲਈ ਗਾਇਬ ਹੋ ਜਾਂਦਾ ਹੈ ਅਤੇ ਫਿਰ ਤੋਂ ਨਿਕਲ ਆਉਂਦਾ ਹੈ। ਉਸਨੇ ਅਜਿਹੇ ਸਵਾਲਾਂ ਜਿਵੇਂ ਕਿ ਉਸਦਾ ਰੋਜ ਚੜ੍ਹਨਾ ਅਤੇ ਛੁਪਣਾ ਇੱਕ ਨੀਰਸ ਜਿਹਾ ਕੰਮ ਹੈ? ਤੋਂ ਪਾਰ ਪਾਉਣ ਦਾ ਰਾਹ ਲੱਭ ਲਿਆ ਹੈ।ਉਹ ਜਦੋਂ-ਕਦੋਂ ਬੱਦਲਾਂ ਦੇ ਪਿੱਛੇ ਚਲਾ ਜਾਂਦਾ ਹੈ, ਮੇਰੇ ਅਤੇ ਆਪਣੇ ਵਿਚਾਲੇ ਚੰਦ ਨੂੰ ਬੁਲਾ ਲੈਂਦਾ ਹੈ-ਜਿਸਨੂੰ ਕਿ ਗ੍ਰਹਿਣ ਕਹਿੰਦੇ ਹਨ, ਇੱਕ ਅਦਭੁੱਤ ਦੇਖਣਯੋਗ ਨਜਾਰਾ ਹੁੰਦਾ ਹੈ। ਗ੍ਰਹਿਣ ਨੂੰ ਧਰਤੀ ਦੇ ਵੱਖ-ਵੱਖ ਹਿੱਸਿਆਂ ਵਿੱਚ ਵੱਖ-ਵੱਖ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਂਦਾ ਹੈ। ਇਹ ਅੱਖਾਂ ਦੇ ਲਈ ਅਸਲ ਦਾਵਤ ਹੈ ਕਿਉਂਕਿ ਇਹ ਮਨ ਦੀ ਉਦਾਸੀ ਨੂੰ ਖਤਮ ਕਰ ਬਹੁਤ ਖੁਸ਼ੀ ਦਿੰਦਾ ਹੈ। ਇਸ ਤੋਂ ਇਲਾਵਾ ਉਹ ਬੁੱਧੀਜੀਵੀਆਂ ਦੇ ਮਨ ਵਿੱਚ ਜਿਗਿਆਸਾ ਪੈਦਾ ਕਰਦਾ ਹੈ ਜਿਸ ਨਾਲ ਵਿਗਿਆਨਕ ਪ੍ਰਗਤੀ ਦੇ ਲਈ ਰਾਹ ਖੁੱਲਦਾ ਹੈ।ਉਹ ਆਪਣੀ ਸ਼ਕਤੀ ਅਤੇ ਸਮੁੰਦਰ ਅਤੇ ਮਹਾਂਸਾਗਰਾਂ ਦੇ ਪਾਣੀ ਦੀ ਮੱਦਦ ਨਾਲ ਬੱਦਲ ਬਣਾਉਂਦਾ ਹੈ, ਧਰਤੀ ਉੱਪਰ ਪ੍ਰਾਣੀਆਂ ਲਈ ਛਾਂ ਪ੍ਰਦਾਨ ਕਰਦਾ ਹੈ, ਬਾਰਿਸ਼ ਕਰਵਾਉਂਦਾ ਹੈ, ਧਰਤੀ ਨੂੰ ਤਾਜੇ ਪਾਣੀ ਨਾਲ ਲਬਾਲਬ ਕਰ ਦਿੰਦਾ ਹੈ, ਮਿੱਟੀ ਦੀ ਉਪਜਾਊ ਸ਼ਕਤੀ ਵਧਾਉਂਦਾ ਹੈ ਅਤੇ ਸਭ ਪ੍ਰਾਣੀਆਂ ਦੇ ਅਸਿਤਤਵ ਅਤੇ ਵਾਧੇ ਵਿੱਚ ਸਹਾਇਤਾ ਕਰਦਾ ਹੈ।

ਉਸਦੇ ਵਰਤਾਰੇ ਦੀ ਇੱਕ ਹੋਰ ਖਾਸੀਅਤ ਹੈ, ਉਹ ਆਪਣੇ ਦੋਸਤ ਚੰਦ ਨਾਲ ਬਿਨਾਂ ਸੂਰਜ ਦੀ ਚਮਕ ਤੋਂ ਰੌਸ਼ਨੀ ਪ੍ਰਦਾਨ ਕਰਨ ਲਈ ਇੱਕ ਸਮਝੌਤਾ ਕਰਦਾ ਹੈ ਜਿਸ ਨਾਲ ਕਿ ਯਾਤਰੀਆਂ ਅਤੇ ਨਵਵਿਵਾਹਿਤ ਜੋੜਿਆਂ ਲਈ ਵਿਸ਼ੇਸ਼ ਵਾਤਾਵਰਣ ਪੈਦਾ ਹੁੰਦਾ ਹੈ। ਇਸ ਤਰ੍ਹਾਂ ਕਰਕੇ ਉਹ ਰਾਤ ਵਿੱਚ ਲਗਾਤਾਰ ਹਨ੍ਹੇਰੇ ਦੀ ਇਕਰਸਤਾ ਨੂੰ ਤੋੜਦਾ ਹੈ।ਇਸ ਪ੍ਰਕਾਰ, ਉਹ ਸ਼ੀਤਲ ਚਾਂਦਨੀ ਪ੍ਰਦਾਨ ਕਰਦਾ ਹੈ ਜਿਸਦੇ ਪ੍ਰਕਾਸ਼ ਦਾ ਸ੍ਰੋਤ ਉਹ ਖੁਦ ਹੈ। ਜੇਕਰ ਚਾਂਦਨੀ ਇੱਕੋ ਜਿਹੀ ਹੀ ਰਹੇ, ਤਾਂ ਇਸਦਾ ਕੋਈ ਆਕਰਸ਼ਣ ਨਹੀ ਰਹੇਗਾ ਅਤੇ ਇਹ ਆਪਣਾ ਮਹੱਤਵ ਖੋਹ ਦੇਵੇਗੀ। ਇਸਲਈ, ਉਹ ਬੱਦਲਾਂ ਦੀ ਸਹਾਇਤਾ ਸੁਨਿਸ਼ਚਿਤ ਕਰਦਾ ਹੈ ਜੋ ਕਿ ਆਪਣੇ ਅੰਦਰ ਚੰਦ ਨੂੰ ਲੁਕੋ ਲੈਂਦੇ ਹਨ ਅਤੇ ਸਾਨੂੰ ਚਾਂਦਨੀ ਦੇ ਮਹੱਤਵ ਦਾ ਅਹਿਸਾਸ ਕਰਵਾਉਂਦੇ ਹਨ।

### ਚੰਦ ਅਤੇ ਤਾਰੇ

ਮੈਂ ਪਹਿਲਾਂ ਹੀ ਆਪਣੇ ਇੱਕ ਹੋਰ ਦੋਸਤ ਚੰਦ ਬਾਰੇ ਤੁਹਾਡੇ ਨਾਲ ਥੋੜ੍ਹੀ-ਬਹੁਤ ਗੱਲ ਕਰ ਚੁੱਕੀ ਹਾਂ।ਸੂਰਜ ਅਤੇ ਚੰਦ ਨੇ ਪ੍ਰਾਣੀਆਂ ਦੀ ਦੁਨੀਆ ਦੇ ਲਈ ਇਹ ਸਾਬਿਤ ਕਰ ਦਿੱਤਾ ਹੈ ਕਿ ਜੋ ਕੰਮ ਇਕੱਲਿਆਂ ਨਹੀ ਕੀਤੇ ਜਾ ਸਕਦੇ ਉਹ ਮਿਲ ਕੇ ਕੀਤੇ ਜਾ ਸਕਦੇ ਹਨ।

ਇਹ ਚਮਕਦੇ ਅਤੇ ਜਗਮਗਾਉਂਦੇ ਤਾਰੇ ਅੱਖਾਂ ਅਤੇ ਮਨ ਲਈ ਅਸਲੀ ਖੁਸ਼ੀ ਲਿਆਂਉਂਦੇ ਹਨ ਜੋ ਕਿ ਸਾਡੇ ਨਾਲ ਸਹਿ-ਅਸਿਤਤਵ ਵਿੱਚ ਰਹਿੰਦੇ ਹਨ।ਕਈ ਵਾਰ ਉਹ ਧਰਤੀ ਤੇ ਡਿੱਗ ਕੇ ਡਰ ਪੈਦਾ ਕਰ ਦਿੰਦੇ ਹਨ ਅਤੇ ਮਨੁੱਖਾਂ ਦੇ ਨਾਲ ਨਾਲ ਉਹਨਾਂ ਦੀਆਂ ਚੀਜਾਂ ਨੂੰ ਜਲਾ ਦਿੰਦੇ ਹਨ। ਉਹ ਇਸ ਗੱਲ ਤੇ ਜ਼ੋਰ ਨਹੀ ਦਿੰਦੇ ਕਿ ਕੋਈ ਓਹਨਾਂ ਨੂੰ ਦੇਖਣ ਲਈ ਟਿਕਟ ਖਰੀਦੇ।ਜੇਕਰ ਤਾਰੇ ਇੱਕੋ ਜਿਹੇ ਹੀ ਦਿਸਣ ਤਾਂ ਉਹਨਾਂ ਦਾ ਮਹੱਤਵ ਘਟ ਜਾਵੇਗਾ। ਹੈ ਨਾ? ਇਸਲਈ ਕਈ ਵਾਰ ਉਹ ਬੱਦਲਾਂ ਦੇ ਪਿੱਛੇ ਚਲੇ ਜਾਂਦੇ ਹਨ ਅਤੇ ਇਸ ਤਰ੍ਹਾਂ ਦਿਖਾਉਂਦੇ ਹਨ ਜਿਵੇਂ ਉਹ ਉੱਥੇ ਨਹੀ ਹਨ। ਹਾਲਾਂਕਿ ਉਹਨਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ ਪਰ ਫਿਰ ਵੀ ਉਹ ਇੱਕ ਦੂਜੇ ਨਾਲ ਲੜ੍ਹਾਈ ਨਹੀ ਕਰਦੇ ਅਤੇ ਨਾ ਹੀ ਸਾਡੇ ਲੀਡਰਾਂ ਦੀ ਤਰ੍ਹਾ ਆਪਣੀ ਜਗ੍ਹਾਂ ਬਦਲਦੇ ਹਨ। ਧਰੁਵ ਤਾਰੇ ਦੇ ਨਾਲ-ਨਾਲ ਉਹ ਮਨੁੱਖਾਂ ਨੂੰ ਰਸਤਾ ਦਿਖਾਉਂਦੇ ਹਨ।

### ਹਵਾ

ਹਵਾ ਸਭ ਪ੍ਰਾਣੀਆਂ ਲਈ ਪ੍ਰਾਣ-ਵਾਯੂ ਹੈ। ਨਹੀਂ ਤਾਂ ਚਾਹੀਆਂ-ਅਣਚਾਹੀਆਂ ਚੀਜਾਂ ਜਿਵੇਂ ਰਹਿੰਦ-ਖੂੰਹਦ, ਰੇਤ ਆਦਿ ਜੋ ਕਿ ਹਰ ਥਾਂ ਹੁੰਦੀ ਹੈ, ਇੱਕੋ ਥਾਂ ਪਈ ਰਹਿੰਦੀ ਅਤੇ ਹਾਨੀਕਾਰਕ ਬਣ ਜਾਂਦੀ। ਹਵਾ, ਜੋ ਤਾਪਮਾਨ ਨੂੰ ਇੱਕ ਸੰਤੁਲਿਤ ਪੱਧਰ ਤੇ ਲੈ ਆਉਂਦੀ ਹੈ, ਸਭ ਜੀਵਾਂ ਲਈ ਗਤੀ ਦੀ ਵਾਹਕ ਬਣ ਗਈ ਹੈ।ਸਭ ਪ੍ਰਾਣੀਆਂ ਦਾ ਸਾਹ ਹਵਾ ਹੈ ਜਿਸਨੂੰ ਜੀਵਨ ਕਹਿੰਦੇ ਹਨ। ਹਵਾ ਦੇ ਕਈ ਹੋਰ ਵੀ ਮਹੱਤਵਪੂਰਨ ਕੰਮ ਹਨ ਜਿਵੇਂ ਪਰਾਗਣ ਵਿੱਚ ਸਹਿਯੋਗ ਕਰਨਾ, ਬੀਜਾਂ ਨੂੰ ਬਿਖੇਰਨਾ, ਵਾਤਾਵਰਣ ਵਿੱਚ ਤਾਪਮਾਨ ਅਤੇ ਨਮੀ ਦਾ ਸੰਤੁਲਨ ਬਣਾ ਕੇ ਰੱਖਣਾ, ਵਾਤਾਵਰਣ ਨੂੰ ਸਾਫ਼ ਰੱਖਣਾ।ਹਮੇਸ਼ਾ ਚੱਲਦੇ ਰਹਿਣ ਵਾਲੀ ਹਵਾ ਇਸ ਗੱਲ ਦੀ ਗਵਾਹ ਹੈ ਕਿ ਮਨੁੱਖ ਨੂੰ ਹਮੇਸ਼ਾ ਗਤੀਸ਼ੀਲ ਰਹਿਣਾ ਚਾਹੀਦਾ ਹੈ।

## ਪਾਣੀ

ਜੇਕਰ ਮੇਰਾ ਦੋਸਤ ਪਾਣੀ ਨਾ ਹੋਵੇ ਤਾਂ ਕੋਈ ਵੀ ਬਚ ਨਾ ਸਕੇ। ਮੈਂ ਵੀ ਬੰਜਰ ਹੋ ਜਾਵਾਂ ਜੇ ਪਾਣੀ ਨਾ ਮਿਲੇ।ਗੰਗਾ ਮੈਨੂੰ ਮੇਰੇ ਬੜੇ ਕਰੀਬ ਹੈ। ਮੈਂ ਉਸਨੂੰ ਸਮੁੰਦਰ, ਮਹਾਂਸਾਗਰ ਅਤੇ ਖਾੜ੍ਹੀਆਂ ਬਣਾਉਣ ਲਈ ਇਕੱਠਾ ਕਰਦੀ ਹਾਂ। ਮੈਂ ਪਾਣੀ ਦੇ ਛੋਟੇ ਸ੍ਰੋਤ ਜਿਵੇਂ ਝੀਲ, ਤਾਲਾਬ, ਖੂਹ ਆਦਿ ਬਣਾਏ। ਗੰਗਾ ਦੇ ਨਾਲ, ਮੈਂ ਕਿਸੇ ਵੀ ਅਵਤਾਰ ਦਾ ਰੂਪ ਲੈ ਸਕਦੀ ਹਾਂ ਅਤੇ ਦੇਵੀ-ਦੇਵਤਿਆਂ ਦੇ ਸਭ ਰੂਪਾਂ ਨੂੰ ਆਕਾਰ ਦੇ ਸਕਦੀ ਹਾਂ। ਪਾਣੀ ਨੂੰ ਇਸਤੇਮਾਲ ਕਰਕੇ ਮਨੁੱਖ ਹਰ ਤਰ੍ਹਾਂ ਦੀ ਫਸਲ ਉਗਾਉਂਦਾ ਹੈ। ਉਹ ਪਾਣੀ ਨੂੰ ਉਬਾਲਦਾ ਹੈ ਅਤੇ ਕਈ ਕੰਮਾਂ ਲਈ ਵਰਤਦਾ ਹੈ।

ਮਨੁੱਖ, ਜਾਨਵਰ, ਪੌਦੇ, ਸੂਖ਼ਮ ਜੀਵ ਸਭ ਮੇਰੇ ਬੱਚੇ ਹਨ। ਮਨੁੱਖ ਸਭ ਤੋਂ ਜ਼ਿਆਦਾ ਸਵਾਰਥੀ ਬੱਚਾ ਹੈ। ਫਿਰ ਵੀ ਬੱਚੇ ਤਾਂ ਬੱਚੇ ਹਨ। ਹੈ ਨਾਂ? ਮੈਂ ਬਿਨਾਂ ਰੁਕੇ ਓਹਨਾਂ ਨੂੰ ਹਰ ਸੁਵਿਧਾ ਦਿੰਦੀ ਹਾਂ। ਪ੍ਰੰਤੂ ਉਹਨਾਂ ਵਿੱਚੋਂ ਕੁੱਝ ਆਪਣੇ ਸਵਾਰਥੀ ਕਾਰਨਾਂ ਕਰਕੇ ਮੇਰੇ ਦੁਆਰਾ ਦਿੱਤੇ ਲਾਭ ਖੁਦ ਇਕੱਲੇ ਹੀ ਨਿਗਲ ਜਾਂਦੇ ਹਨ, ਓਹਨਾਂ ਨੂੰ ਇੱਕ ਰਾਜ਼ ਦੀ ਤਰ੍ਹਾਂ ਰੱਖਦੇ ਹਨ ਅਤੇ ਬਾਕੀ ਸਭ ਲਈ ਜੋ ਮੇਰੇ ਮਾਸੂਮ ਬੱਚੇ ਹਨ, ਸਮੱਸਿਆਵਾਂ ਖੜ੍ਹੀਆਂ ਕਰਦੇ ਹਨ। ਉਹ ਸਭ ਮੇਰੀ ਰੱਖਿਆ ਕਰਦੇ ਹਨ, ਮਨੁੱਖ ਨੂੰ ਛੱਡ ਕੇ ਬਾਕੀ ਸਭ ਮਿਲ ਕੇ ਰਹਿੰਦੇ ਹਨ। ਜੇਕਰ ਉਹ ਪਾਣੀ ਦੇ ਰੂਪ ਵਿੱਚ ਧਰਤੀ ਉੱਪਰ ਨਾ ਹੋਵੇ ਤਾਂ ਇੱਥੇ ਕੁੱਝ ਵੀ ਨਾ ਹੋਵੇ। ਕੋਈ ਵੀ ਪ੍ਰਾਣੀ ਜਿੰਦਾ ਨਾ ਬਚੇ। ਇਹ ਮੰਦਭਾਗੀ ਗੱਲ ਹੈ ਕਿ ਉਸਨੂੰ ਬਿਨਾਂ ਉਸਦੇ ਵਜੂਦ ਦੇ ਮਹੱਤਵ ਨੂੰ ਸਮਝਿਆਂ ਹੇਠਲੇ ਪੱਧਰ ਤੱਕ ਧੱਕ ਦਿੱਤਾ ਗਿਆ ਹੈ। ਜੇਕਰ ਵਿਗਿਆਨਕ ਤਰੀਕਿਆਂ ਅਤੇ ਬੁੱਧੀ ਨੂੰ ਵਰਤ ਕੇ ਉਸਨੂੰ ਉੱਪਰ ਉਠਾ ਲਿਆ ਜਾਂਦਾ ਹੈ ਤਾਂ ਧਰਤੀ ਉੱਪਰ ਜਿੰਦਗੀ ਪ੍ਰੇਸ਼ਾਨੀ ਮੁਕਤ, ਆਸਾਨ ਹੋ ਜਾਵੇਗੀ।

## ਦੜ੍ਹਬਾ ਘਾਹ

ਧਰਤੀ ਤੇ ਮਿਲਣ ਵਾਲੇ ਸੈਂਕੜੇ ਪੌਦੇ ਮੇਰੇ ਲਈ ਸੁਰੱਖਿਆ ਕਵਚ ਦਾ ਕੰਮ ਕਰਦੇ ਹਨ। ਉਹਨਾਂ ਵਿੱਚੋਂ ਇੱਕ ਨਾਮ ਹੈ- ਦੜ੍ਹਬਾ ਘਾਹ ਜਿਸਨੂੰ ਹਰਿਆਲੀ ਵੀ ਕਿਹਾ ਜਾਂਦਾ ਹੈ।ਜੇ ਇਸ ਤਰ੍ਹਾ ਦੀ ਸੁਰੱਖਿਆ ਨਾ ਹੋਵੇ ਤਾਂ ਮੈਂ ਬਾਰਿਸ਼ ਦੌਰਾਨ ਵਹਿ ਜਾਵਾਂ।ਮਿੱਟੀ ਨੂੰ ਖੁਰਨ ਤੋਂ ਬਚਾਉਣ ਵਿੱਚ ਘਾਹ ਦੀ ਭੂਮਿਕਾ ਬੜੀ ਮਹੱਤਵਪੂਰਨ ਹੈ।ਬੜੇ ਹੀ ਥੋੜ੍ਹੇ ਲੋਕ ਹਨ ਜੋ ਕਿ ਵਾਤਾਵਰਣ ਸੁਰੱਖਿਆ ਅਤੇ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਬਣਾਏ ਰੱਖਣ ਵਿੱਚ ਘਾਹ ਦੀ ਭੂਮਿਕਾ ਨੂੰ ਸਮਝਦੇ ਹਨ।ਲੋਕ ਸ਼ਹਿਰੀ ਇਲਾਕਿਆਂ ਵਿੱਚ ਸੜਕ ਦੇ ਕਿਨਾਰੇ ਉੱਗੇ ਘਾਹ ਨੂੰ ਉਖਾੜ ਦਿੰਦੇ ਹਨ ਅਤੇ ਵਾਤਾਵਰਣ ਦੀ ਸਫ਼ਾਈ ਦੇ ਨਾਮ ਤੇ ਜਲਾ/ਖਤਮ ਕਰ ਦਿੰਦੇ ਹਨ।ਇਸ ਤਰ੍ਹਾ ਕਰਨ ਨਾਲ ਮੀਂਹ ਆਉਣ ਤੇ ਮੈਂ ਖੁਰ ਜਾਂਦੀ ਹਾਂ ਅਤੇ ਹਵਾ ਮੈਨੂੰ ਉਡਾ ਕੇ ਲੈ ਜਾਂਦੀ ਹੈ, ਜਿਸ ਨਾਲ ਮੇਰੀ ਉਪਜਾਊ ਸ਼ਕਤੀ ਦਾ ਪੱਧਰ ਘਟ ਜਾਂਦਾ ਹੈ। ਇਹ ਇੱਕ ਅਵਿਗਿਆਨਕ ਦ੍ਰਿਸ਼ਟੀਕੋਣ ਹੈ। ਅਜਿਹਾ ਇਸ ਕਰਕੇ ਹੁੰਦਾ ਹੈ ਕਿ ਲੋਕਾਂ ਵਿੱਚ ਇਸ ਬਾਰੇ ਜਾਣਕਾਰੀ ਬੜੀ ਘੱਟ ਹੈ।ਜੇਕਰ ਦੂਸਰੇ ਪੌਦਿਆਂ ਨੂੰ ਹਟਾਇਆ ਵੀ ਜਾ ਰਿਹਾ ਹੈ ਤਾਂ ਘਾਹ ਨੂੰ ਹਟਾਉਣ ਦੀ ਲੋੜ ਨਹੀ।ਘੱਟੋਂ-ਘੱਟ ਹੁਣ ਤੋਂ ਬਾਅਦ ਵੀ ਇਹ ਸਾਰਥਕ ਹੋ ਸਕਦਾ ਹੈ ਜੇਕਰ ਕੋਈ ਘਾਹ ਦੇ ਮਹੱਤਵ ਬਾਰੇ ਜਾਗਰੂਕਤਾ ਫੈਲਾਵੇ ਅਤੇ ਮੈਨੂੰ ਖੁਰਚਣਾ ਬੰਦ ਕਰੇ।ਕੌਣ ਮੈਨੂੰ ਗੂੜ੍ਹੇ ਹਰੇ ਘਾਹ ਨਾਲ ਢਕਿਆ ਹੋਇਆ ਪਸੰਦ ਨਹੀ ਕਰੇਗਾ? ਏਨਾ ਹੀ ਨਹੀ, ਘਾਹ ਔਸ਼ਧੀ ਦੇ ਰੂਪ ਵਿੱਚ ਅਤੇ ਧਾਰਮਿਕ ਪੂਜਾ ਕਰਨ ਵਿੱਚ ਵੀ ਵਰਤਿਆ ਜਾਂਦਾ ਹੈ।ਇਹ ਸਭ ਜਾਣਨ ਤੋਂ ਬਾਅਦ, ਜੇਕਰ ਸਦਭਾਵ ਨਾਲ ਮਿਲ ਜੁਲ ਕੇ ਰਹਿਣ ਦੀ ਪ੍ਰੰਪਰਾ ਵਧਦੀ ਹੈ ਤਾਂ ਮੇਰੇ ਅਤੇ ਘਾਹ ਸਮੇਤ ਸਭ ਲੋਕ ਖੁਸ਼ ਹੋ ਜਾਣਗੇ।

## ਮੱਲੜ੍ਹ

ਮੱਲੜ੍ਹ ਮੇਰਾ ਇੱਕ ਹੋਰ ਦੋਸਤ ਹੈ। ਬਹੁਤ ਘੱਟ ਲੋਕ ਉਸਦੇ ਮਹੱਤਵ ਬਾਰੇ ਜਾਣਦੇ ਹਨ। ਜਿਹੜੇ ਲੋਕ ਉਸਨੂੰ ਚੰਗੀ ਤਰ੍ਹਾ ਨਹੀ ਜਾਣਦੇ, ਉਸ ਵੱਲ ਪੂਰਾ ਧਿਆਨ ਨਹੀ ਦਿੰਦੇ ਅਤੇ ਨੁਕਸਾਨ ਉਠਾਉਂਦੇ ਹਨ।ਉਸਨੂੰ ਬਚਾਉਣਾ ਅਤੇ ਵਿਕਸਿਤ ਕਰਨਾ ਬੜਾ ਹੀ ਆਸਾਨ ਹੈ।ਹਜਾਰਾਂ ਸੂਖ਼ਮ ਜੀਵ ਉਸਦੇ ਨਾਲ ਮਿਲਕੇ ਵਿਕਸਿਤ ਹੁੰਦੇ ਹਨ ਅਤੇ ਮੇਰੀ ਉਪਜਾਊ ਸ਼ਕਤੀ ਵਧਾਉਂਦੇ ਹਨ, ਦੂਸਰੇ ਸ਼ਬਦਾਂ ਵਿੱਚ ਕਹੀਏ ਤਾਂ ਮੈਨੂੰ ਖੁਸ਼ਹਾਲ ਬਣਾਉਂਦੇ ਹਨ।

## ਮੇਰੇ ਬੱਚੇ

ਮੈਨੂੰ ਆਪਣੇ ਬੱਚਿਆਂ ਨਾਲ ਪਿਆਰ ਹੈ ਜੋ ਕਿ ਨਾ ਸਿਰਫ ਗਿਣਤੀ ਵਿੱਚ ਅਣਗਿਣਤ ਹਨ ਬਲਕਿ ਏਨੀ ਤਰ੍ਹਾਂ ਦੇ ਹਨ ਕਿ ਕੋਈ ਇਸਨੂੰ ਇੱਕ ਅਚੰਭਾ ਕਹਿ ਸਕਦਾ ਹੈ।ਮੇਰੇ ਇਸ ਪਰਿਵਾਰ ਵਿੱਚ ਵਿਭਿੰਨ ਤਰ੍ਹਾ ਦੇ ਜੀਵਿਤ ਪ੍ਰਾਣੀ ਜਿੰਨਾਂ ਵਿੱਚ ਸੂਖ਼ਮ ਜੀਵਾਂ, ਜਿੰਨਾਂ ਨੂੰ ਤੁਸੀ ਨੰਗੀ ਅੱਖ ਨਾਲ ਨਹੀ ਦੇਖ ਸਕਦੇ, ਤੋਂ ਲੈ ਕੇ ਹਾਥੀਆਂ ਜਿਹੇ ਭਾਰੀ ਭਰਕਮ ਪ੍ਰਾਣੀ ਸ਼ਾਮਿਲ ਹਨ।ਇਸ ਵਿੱਚ ਕੁੱਝ ਹਾਨੀਕਾਰਕ ਜੀਵ ਵੀ ਹਨ ਜਿਨਾਂ ਵਿੱਚ ਮਨੁੱਖ ਸਭ ਤੋਂ ਪਹਿਲੇ ਨੰਬਰ'ਤੇ ਹੈ।ਉਸਤੋਂ ਬਾਅਦ ਕੁੱਝ ਹੋਰ ਖਤਰਨਾਕ ਪੌਦੇ ਜਿਵੇਂ ਲੈਂਟਾਨਾ, ਪਰੋਸੋਫਿਸ ਹਨ ਜੋ ਕਿ ਕਈ ਸਾਲਾਂ ਤੋਂ ਧਰਤੀ ਉੱਪਰ ਮੌਜ਼ੂਦ ਹਨ।ਲਗਭਗ ਪੰਜ ਦਸ਼ਕ ਪਹਿਲਾਂ, ਪਾਰਥੇਨੀਅਮ, ਜਿਸ ਨੂੰ ਉਹਨਾਂ ਵਿੱਚੋਂ ਸਭ ਤੋਂ ਵੱਧ ਹਮਲਾਵਰ ਅਤੇ ਖਤਰਨਾਕ ਮੰਨਿਆ ਗਿਆ, ਭਾਰਤ ਵਿੱਚ ਲੈਟਿਨ ਅਮਰੀਕਾ ਤੋਂ ਆਇਆ।ਇਸ ਨਦੀਨ ਨੂੰ ਵਿਨਾਸ਼ਕਾਰੀ ਕਾਂਗਰਸ ਘਾਹ ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਜਿਸਦੇ ਇੱਕ ਪੌਦੇ ਦੀ 15000 ਤੱਕ ਬੀਜ ਪੈਦਾ ਕਰਨ ਦੀ ਸਮਰੱਥਾ ਹੈ।ਇਹ ਨਾ ਸਿਰਫ ਮਿੱਟੀ ਵਿੱਚ ਆਪਣਾ ਜੂਸ ਮਿਲਾ ਕੇ ਹੋਰ ਪੌਦਿਆਂ ਦੇ ਵਿਕਾਸ ਨੂੰ ਰੋਕਦਾ ਹੈ ਬਲਕਿ ਇਹ ਦੂਸਰਿਆਂ ਉੱਪਰ ਆਪਣੀ ਹਕੂਮਤ ਸਥਾਪਿਤ ਕਰਦਾ ਹੈ। ਇਹ ਇਨਸਾਨਾਂ ਦੇ ਨਾਲ-ਨਾਲ ਜਾਨਵਰਾਂ ਵਿੱਚ ਵੀ ਐਲਰਜੀ ਕਰਦਾ ਹੈ ਅਤੇ ਹੋਰ ਕਈ ਬਿਮਾਰੀਆਂ ਦਾ ਸ੍ਰੋਤ ਬਣ ਜਾਂਦਾ ਹੈ। ਹਾਲਾਂਕਿ ਇਹ ਸੰਤੋਸ਼ ਦੀ ਗੱਲ ਹੈ ਕਿ ਇਸ ਦੁਸ਼ਟ ਨਦੀਨ ਨੂੰ ਇਸਦੇ ਕੁੱਝ ਦੁਸ਼ਮਣਾਂ ਦੁਆਰਾ ਰੋਕਿਆ ਜਾ ਸਕਦਾ ਹੈ ਅਤੇ ਉਹ ਮੇਰੀ ਹੀ ਔਲਾਦ ਹਨ। ਪਰ ਮਨੁੱਖ ਨੇ ਇਸ ਗੱਲ ਬਾਰੇ ਜਾਣਨ ਦੀ ਕੋਈ ਪਰਵਾਹ ਨਹੀ ਕੀਤੀ ਅਤੇ ਬਿਨਾ ਕਿਸੇ ਝਿਜਕ ਦੇ ਚੰਗੇ ਪੌਦਿਆਂ ਨੂੰ ਉਖਾੜ ਰਿਹਾ ਹੈ ਅਤੇ ਕਾਂਗਰਸ ਘਾਹ ਦੇ ਵਿਕਾਸ ਲਈ ਅਨੁਕੂਲ ਮਾਹੌਲ ਮੁਹੱਈਆ ਕਰਵਾ ਰਿਹਾ ਹੈ। ਹੋਰ ਮਾਂਵਾਂ ਦੀ ਤਰ੍ਹਾ, ਮੇਰੀ ਵੀ ਬਹੁਤ ਇੱਛਾ ਹੈ ਕਿ ਮੈਂ ਆਪਣੇ ਬੱਚਿਆਂ ਨੂੰ ਜੀਵਿਤ ਅਤੇ ਖੁਸ਼ਹਾਲ ਦੇਖਾਂ।

## ਮੇਰੀ ਸਿਹਤ

ਜਦ ਮੇਰੇ ਵਿੱਚ ਜਾਨ ਹੈ ਤਾਂ ਕੀ ਇਹ ਸੁਭਾਵਿਕ ਨਹੀ ਕਿ ਮੈਂ ਵੀ ਬਾਕੀਆਂ ਦੀ ਤਰ੍ਹਾ ਬਿਮਾਰ ਹੋਵਾਂ? ਮਨੁੱਖ ਦੇ ਲਾਲਚ ਕਰਕੇ ਰਾਸਇਣਾਂ ਅਤੇ ਤਥਾਕਥਿਤ ਵਿਗਿਆਨਕ ਤਰੀਕਿਆਂ ਦੇ ਅੰਧਾਧੁੰਦ ਇਸਤੇਮਾਲ ਕਰਕੇ ਭਿਆਨਕ ਸਥਿਤੀ ਪੈਦਾ ਹੋ ਗਈ ਹੈ।ਪੋਸ਼ਕ ਤੱਤਾਂ ਅਤੇ ਇਹਨਾਂ ਦੇ ਅੰਸ਼ਾਂ ਦੀ ਕਮੀ ਨੇ ਮੈਨੂੰ ਬਹੁਤ ਪ੍ਰੇਸ਼ਾਨ ਕੀਤਾ ਹੈ।ਹਾਲ ਹੀ ਵਿੱਚ ਮੇਰੇ ਬਾਰੇ

ਅਧਿਐਨ ਕਰਨ ਤੇ ਮੇਰੀ ਹਾਲਤ ਦਾ ਪਰੀਖਣ ਕਰਨ ਦਾ ਰੁਝਾਨ ਵਧਿਆ ਹੈ। ਇਹ ਸੰਤੁਸ਼ਟੀ ਦੇਣ ਵਾਲੀ ਗੱਲ ਹੈ ਕਿ ਮੈਨੂੰ ਪ੍ਰਯੋਗਸ਼ਾਲਾ ਵਿੱਚ ਪਰੀਖਣ ਕਰਨ ਲਈ ਰੱਖਿਆ ਗਿਆ ਅਤੇ ਮੇਰੇ ਵਿਚਲੀਆਂ ਘਾਟਾਂ ਅਤੇ ਕਮਜ਼ੋਰੀਆਂ ਵੱਲ ਧਿਆਨ ਦਿੱਤਾ ਗਿਆ। ਇਸ ਵੇਲੇ ਅਜਿਹੇ ਲੋਕਾਂ ਦੀ ਗਿਣਤੀ ਬੜੀ ਘੱਟ ਹੈ। ਮੇਰੀ ਸਿਹਤ ਨੂੰ ਤਸੱਲੀਬਖਸ਼ ਪੱਧਰ ਤੇ ਰੱਖਣ ਲਈ 16 ਪੌਸ਼ਟਿਕ ਤੱਤ ਬੜੇ ਜਰੂਰੀ ਹਨ।ਮੇਰੇ ਵੰਸ਼ ਦੇ ਸਭ ਬੱਚਿਆਂ ਦੀਆਂ ਪੌਸ਼ਟਿਕ ਤੱਤਾਂ ਦੀਆਂ ਜਰੂਰਤਾਂ ਵੱਖ-ਵੱਖ ਹਨ। ਇਸ ਲਈ ਇਹਨਾਂ ਪੋਸ਼ਕ ਤੱਤਾਂ ਨੂੰ ਉਚਿੱਤ ਮਾਤਰਾ ਵਿੱਚ ਦੇਣਾ ਬੜਾ ਜਰੂਰੀ ਹੈ। ਮੈਂ ਪਹਿਲਾਂ ਹੀ ਆਪਣੇ ਦੋਸਤ ਮੱਲੜ੍ਹ ਬਾਰੇ ਤੁਹਾਨੂੰ ਦੱਸ ਚੁੱਕੀ ਹਾਂ। ਮੇਰੀਆਂ ਘਾਟਾਂ ਨੂੰ ਬੜੀ ਹੀ ਆਸਾਨੀ ਨਾਲ ਮੇਰੇ ਬੱਚਿਆਂ ਦੇ ਰੰਗ ਅਤੇ ਵਾਧੇ ਦੀ ਦਰ ਨੂੰ ਦੇਖ ਕੇ ਪਛਾਣਿਆ ਜਾ ਸਕਦਾ ਹੈ।

ਮੈਂ ਉਹਨਾਂ ਦੀ, ਜੋ ਮੇਰੀ ਸਿਹਤ ਵੱਲ ਧਿਆਨ ਦਿੰਦੇ ਹਨ ਅਤੇ ਮੇਰੀ ਚੰਗੀ ਤਰ੍ਹਾ ਦੇਖਭਾਲ ਕਰਦੇ ਹਨ, ਵਧੀਆ ਝਾੜ ਅਤੇ ਫਾਇਦੇਮੰਦ ਫ਼ਸਲ ਦੇ ਕੇ ਮੱਦਦ ਕਰਦੀ ਹਾਂ। ਮੇਰੀ ਜ਼ਿੰਦਗੀ ਅਰਥ ਭਰਪੂਰ ਹੋਵੇਗੀ ਜੇਕਰ ਲੋਕ ਧਿਆਨ ਦੇਣ ਕਿ ਪ੍ਰਯੋਗਸ਼ਾਲਾਵਾਂ ਜੋ ਕਿ ਉਹਨਾਂ ਨੂੰ ਮੇਰੀ ਸਮੱਸਿਆਵਾਂ ਬਾਰੇ ਸੰਕੇਤ ਦਿੰਦੀਆਂ ਹਨ, ਕ੍ਰਿਸ਼ੀ ਵਿਗਿਆਨ ਕੇਂਦਰਾਂ, ਖੇਤੀ ਯੂਨੀਵਰਸਿਟੀਆਂ ਅਤੇ ਸਰਕਾਰੀ ਖੇਤੀਬਾੜੀ ਵਿਭਾਗਾਂ ਦੇ ਅਧੀਨ ਆਉਂਦੀਆਂ ਹਨ। ਮੈਂ ਮੀਡੀਆ ਦੇ ਇਲਾਵਾ, ਜੋ ਕਿ ਮੇਰੀ ਸਿਹਤ ਉੱਪਰ ਹੋਰ ਜ਼ਿਆਦਾ ਧਿਆਨ ਕੇਂਦ੍ਰਿਤ ਕਰ ਸਕਦਾ ਹੈ, ਉਹਨਾਂ ਦੀ ਧੰਨਵਾਦੀ ਮਹਿਸੂਸ ਕਰਦੀ ਹਾਂ ਜੋ ਕਿ ਮੇਰੀ ਸਿਹਤ ਦੀ ਫਿਕਰ ਕਰਦੇ ਹਨ ਅਤੇ ਮੇਰੀ ਰੱਖਆਿ ਕਰਦੇ ਹਨ।

### ਇੱਕ ਬੇਨਤੀ

ਕੋਈ ਸ਼ਾਇਦ ਮੇਰੀ ਬੇਨਤੀ ਦੀ ਕਲਪਨਾ ਨਾ ਕਰ ਸਕੇ। ਇੱਥੇ ਉਹਨਾਂ ਲੋਕਾਂ ਲਈ ਸਹੀ ਕਿਤਾਬਾ ਮੌਜੂਦ ਨਹੀ ਹਨ ਜੋ ਮੇਰੇ ਬਾਰੇ ਜਾਣਨਾ ਚਾਹੁੰਦੇ ਹਨ। ਮੀਡੀਆ ਨੇ ਮੈਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕੀਤਾ ਹੈ। ਫਿਰ ਚਾਹੇ ਉਹ ਬੱਚੇ ਹੋਣ ਜਾਂ ਬਾਲਗ, ਲੋਕ ਫਿਲਮੀ ਹੀਰੋ-ਹੀਰੋਇਨਾਂ ਅਤੇ ਕ੍ਰਿਕਟਰਾਂ ਬਾਰੇ ਜ਼ਿਆਦਾ ਜਾਣਦੇ ਹਨ ਪਰ ਮੇਰੇ ਬਾਰੇ ਕੁੱਝ ਨਹੀ।ਇਸ ਦੇਸ਼ ਦੀਆਂ ਅਕਾਦਮਿਕ ਪੁਸਤਕਾਂ ਵਿੱਚ ਮੇਰੇ ਬਾਰੇ ਨਾਮਾਤਰ ਹੈ। ਪ੍ਰਾਇਮਰੀ ਅਤੇ ਸੈਕੰਡਰੀ ਸਕੂਲਾਂ ਦੇ ਸਿਲੇਬਸ ਵਿੱਚ ਮੇਰੇ ਦੋਸਤਾਂ ਜਿਵੇਂ ਵਾਤਾਵਰਨ ਅਤੇ ਮੇਰੇ ਬੱਚਿਆਂ ਬਾਰੇ ਕੁੱਝ ਵੀ ਸ਼ਾਮਿਲ ਨਹੀ ਹੈ। ਇਸ ਲਈ ਮੈਂ ਅਜਿਹੇ ਮਾਮਲਿਆਂ ਬਾਰੇ ਸਰਕਾਰ ਦੀ ਬੇਰੁਖੀ ਅਤੇ ਲੋੜੀਂਦਾ ਧਿਆਨ ਨਾ ਦੇਣ ਦੇ ਰਵੱਈਏ ਤੋਂ ਨਿਰਾਸ਼ ਅਤੇ ਦੁਖੀ ਹਾਂ। ◆

**ਪ੍ਰੋ ਐਮ. ਮਹਾਦੇਵੱਪਨ**
ਨਿਰਦੇਸ਼ਕ (ਗ੍ਰਾਮੀਣ ਵਿਕਾਸ) ਜੇ ਐਸ ਐਸ ਮਹਾਂਵਿਦਿਆਲਾ,
ਮੈਸੂਰ - 570004

When Soil Spoke
LEISA India Kannada, No. 4, December 2015.

## LEISA INDIA Language Editions






Kannada, Telugu, Tamil, Oriya, Hindi, Marathi and Punjabi

# ਔਰਤਾਂ ਦੁਆਰਾ ਸਬਜੀਆਂ ਦੀ ਜੈਵਿਕ ਖੇਤੀ

*ਹਿਰਦੇਸ਼ ਕੁਮਾਰ ਚੁਨੇਰਾ*

ਅਦਬਹੋਰਾ ਪਿੰਡ ਦੇ ਕਿਸਾਨ ਖੇਤੀ ਦੇ ਜ਼ਿਆਦਾ ਲਾਹੇਵੰਦ ਨਾ ਹੋਣ ਕਾਰਨ ਕਸਬਿਆਂ ਅਤੇ ਸ਼ਹਿਰਾਂ ਵੱਲ ਨੂੰ ਪਲਾਇਨ ਕਰ ਰਹੇ ਸਨ। ਪਿੰਡ ਦੀਆਂ ਔਰਤਾਂ ਨੇ ਇੱਕ ਗੈਰ ਸਰਕਾਰੀ ਸੰਸਥਾ ਦੀ ਮੱਦਦ ਨਾਲ ਖੁਦ ਨੂੰ ਇੱਕ ਸਮੂਹ ਦੇ ਰੂਪ ਵਿੱਚ ਸੰਗਠਿਤ ਕੀਤਾ ਅਤੇ ਹੁਣ ਟਿਕਾਊ ਖੇਤੀ ਪੱਦਤੀਆਂ ਨੂੰ ਅਪਣਾ ਕੇ ਵਧੀਆ ਫਸਲ ਲੈ ਰਹੀਆਂ ਹਨ।



*ਤਾਰਾ ਦੇਵੀ ਆਪਣਾ ਸਬਜ਼ੀਆਂ ਦਾ ਖੇਤ ਦਿਖਾਉਂਦੀ ਹੋਈ*

ਪਹਾੜੀ ਖੇਤੀ ਦੀਆਂ ਆਪਣੀਆਂ ਚੁਣੌਤੀਆਂ ਹਨ - ਅਸਮਤਲ ਧਰਾਤਲ, ਖੰਡਿਤ ਅਤੇ ਬਿੱਖਰੀਆਂ ਜ਼ਮੀਨਾਂ, ਖੋਰ ਦੀ ਸ਼ਿਕਾਰ ਕਮਜੋਰ ਅਤੇ ਖਾਲੀ ਜ਼ਮੀਨਾਂ, ਮਿੱਟੀ ਵਿੱਚ ਗਿਰਾਵਟ ਅਤੇ ਹੋਰ ਕਈ ਕੁੱਝ। ਪਰਿਵਾਰ ਦੇ ਪੁਰਸ਼ ਮੈਂਬਰਾਂ ਦੇ ਪਲਾਇਨ ਕਰਨ ਕਰਕੇ ਔਰਤਾਂ ਖੇਤੀ ਦੇ ਕੰਮ ਵਿੱਚ ਲੱਗੀਆਂ।

ਸੰਜੀਵਨੀ, ਗ੍ਰਾਮੀਣ ਵਿਕਾਸ ਦੇ ਖੇਤਰ ਵਿੱਚ ਕੰਮ ਕਰਨ ਵਾਲੀ ਇੱਕ ਗੈਰ-ਸਰਕਾਰੀ ਸੰਸਥਾ, ਨੇ ਟਿਕਾਊ ਜੈਵਿਕ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਬਿਖਿਯਾਸੇਨ ਬਲਾਕ ਦੇ ਅਦਬਹੋਰਾ ਪਿੰਡ ਨੰ ਚੁਣਿਆ। ਸੰਜੀਵਨੀ, ਪ੍ਰੋਜੈਕਟ ਦੇ ਇੱਕ ਹਿੱਸੇ ਦੇ ਰੂਪ ਵਿੱਚ, ਨੇ ਸੀਮਾਂਤ ਅਤੇ ਖੰਡਿਤ ਜ਼ਮੀਨ ਵਾਲੀਆਂ 51 ਕਿਸਾਨ ਔਰਤਾਂ ਨੂੰ ਚੁਣਿਆ ਅਤੇ ਉਹਨਾਂ ਨੂੰ ਦੋ ਸਮੂਹਾਂ ਵਿੱਚ ਸੰਗਠਿਤ ਕੀਤਾ।

ਔਰਤਾਂ ਨੂੰ ਜੈਵਿਕ ਤਰੀਕੇ ਨਾਲ ਫ਼ਸਲ ਉਗਾਉਣ ਦੀ ਟ੍ਰੇਨਿੰਗ ਦਿੱਤੀ ਗਈ। ਉਹਨਾਂ ਨੂੰ ਖੇਤ ਦੀ ਰਹਿੰਦ-ਖੂੰਹਦ ਅਤੇ ਗਾਂ ਦੇ ਗੋਬਰ ਦਾ ਇਸਤੇਮਾਲ ਕਰਕੇ ਵਰਮੀ ਕੰਪੋਸਟ, ਬਾਇਓਡਾਈਨਾਮਿਕ ਕੰਪੋਸਟ ਅਤੇ ਤਰਲ ਖਾਦ (ਜੀਵ ਅੰਮ੍ਰਿਤ) ਬਣਾਉਣ ਦੀ ਟ੍ਰੇਨਿੰਗ ਦਿੱਤੀ ਗਈ। ਔਰਤਾਂ ਨੂੰ ਜੈਵਿਕ ਕੀਟ ਅਤੇ ਰੋਗ ਪ੍ਰਬੰਧਨ ਲਈ ਵੀ ਟ੍ਰੇਨਿੰਗ ਦਿੱਤੀ ਗਈ।

ਔਰਤਾਂ ਦੇ ਸਮੂਹ ਨੇ ਬੈਂਗਣ, ਗੋਭੀ, ਬੰਦ ਗੋਭੀ, ਟਮਾਟਰ ਅਤੇ ਮਿਰਚ ਜਿਹੀਆਂ ਕਈ ਸਬਜ਼ੀਆਂ ਦੀ ਖੇਤੀ ਕੀਤੀ। ਬੀਜਾਂ ਨੂੰ ਫਫੂੰਦ ਅਤੇ ਬੈਕਟੀਰੀਆ ਦੇ ਰੋਗਾਂ ਤੋਂ ਬਚਾਉਣ ਲਈ ਪੀ ਐਸ ਬੀ, ਟ੍ਰਾਈਕੋਡਰਮਾ ਨਾਲ ਸੋਧਿਆ ਗਿਆ। ਨਰਸਰੀਆਂ ਨਿਗਰਾਨੀ ਹੇਠ ਤਿਆਰ ਕਰਵਾਈਆਂ ਗਈਆਂ ਅਤੇ ਭੂਮੀ ਦੀ ਤਿਆਰੀ ਕਰਵਾਈ ਗਈ। ਪਨੀਰੀ ਨੂੰ ਮੁੱਖ ਖੇਤ ਵਿੱਚ ਬਿਜਾਈ ਤੋਂ ਪਹਿਲਾਂ ਪੰਚਗਵਯ ਨਾਲ ਸੋਧਿਆ ਗਿਆ। ਪਿਛਲੇ ਸਾਲ ਦੀ ਤੁਲਨਾ ਵਿੱਚ ਇਸ ਸਾਲ ਓਹਨਾਂ ਦੀ ਸਬਜ਼ੀਆਂ ਦੀ ਪੈਦਾਵਾਰ ਵਿੱਚ ਸੁਧਾਰ ਹੋਇਆ। ਓਹਨਾਂ ਦੀ ਆਮਦਨ 47000 ਰੁਪਏ ਪ੍ਰਤਿ ਸੀਜ਼ਨ ਤੋਂ ਵਧ ਕੇ 86000 ਰੁਪਏ ਹੋ ਗਈ।

ਟੇਬਲ 1 – ਸਬਜੀਆਂ ਦਾ ਉਤਪਾਦਨ

| ਸਬਜੀਆਂ | 2013-14 ਕੁਇੰਟਲ/ਹੈਕਟੇਅਰ | 2014-15 ਕੁਇੰਟਲ/ਹੈਕਟੇਅਰ |
|---|---|---|
| ਬੈਂਗਣ | 1 | 1.5 |
| ਫੁੱਲ ਗੋਭੀ | 1.5-2 | 1.5-2 |
| ਬੰਦ ਗੋਭੀ | 1.5-2 | 2-2.5 |
| ਟਮਾਟਰ | 1-1.5 | 0.5-0.75 |
| ਮਿਰਚ | 40-45 | 45-50 |

### ਤਾਰਾ ਦੇਵੀ ਦੀ ਕਹਾਣੀ

ਅਦਬਹੋਰਾ ਪਿੰਡ ਦੀ 51 ਸਾਲਾਂ ਤਾਰਾ ਦੇਵੀ ਨਿੱਡਰ ਅਤੇ ਹਿੰਮਤੀ ਕਿਸਾਨ ਸੀ। ਉਹੋ ਜੈਵਿਕ ਉਤਪਾਦਕ ਉਪਸਮੂਹ ਅਦਬਹੋਰੋ ਜੋ ਕਿ 20 ਮੈਂਬਰਾਂ ਦਾ ਜੈਵਿਕ ਕਿਸਾਨਾਂ ਦਾ ਸਮੂਹ ਹੈ, ਵਿੱਚ ਸ਼ਾਮਿਲ ਹੋਈ। ਆਪਣੇ ਘਰੇਲੂ ਕੰਮ ਅਤੇ ਆਸ-ਪਾਸ ਦੇ ਲੋਕਾਂ ਦੀ ਆਲੋਚਨਾ ਦੇ ਬਾਵਜੂਦ ਉਸਨੇ ਹਿੰਮਤ ਨਾਲ ਟ੍ਰੇਨਿੰਗਾਂ ਵਿੱਚ ਭਾਗ ਲਿਆ। 3.54 ਹੈਕਟੇਅਰ ਜ਼ਮੀਨ ਵਿੱਚ, ਮਿਰਚਾਂ ਦੀ ਖੇਤੀ ਤੋਂ ਇਲਾਵਾ, ਉਸਨੇ 20*5 ਮੀਟਰ ਦਾ ਪੋਲੀਹਾਊਸ ਲਗਾਇਆ ਜਿਸ ਵਿੱਚ ਉਸਨੇ ਸਬਜ਼ੀਆਂ ਜਿਵੇਂ ਮਟਰ, ਬੰਦ ਗੋਭੀ, ਭਿੰਡੀ, ਸ਼ਿਮਲਾ ਮਿਰਚ ਅਤੇ ਬੈਂਗਣ ਆਦਿ ਦਾ ਉਤਪਾਦਨ ਕੀਤਾ। ਉਸਨੇ ਆੜੂ, ਬੇਰ, ਖੁੰਬਾਨੀ ਅਤੇ ਅਮਰੂਦ ਦੇ 200 ਦਰੱਖਤ ਲਗਾਏ। ਉਸਨੇ 6*5*1.5 ਮੀਟਰ ਦਾ ਤਲਾਬ ਬਣਾਇਆ ਅਤੇ ਉਸ ਵਿੱਚ ਮੱਛੀ ਪਾਲਣ ਸ਼ੁਰੂ ਕੀਤਾ। ਮੱਛੀਆਂ ਵੇਚ ਕੇ ਹੋਣ ਵਾਲੇ ਮੁਨਾਫ਼ੇ ਨੂੰ ਉਸਨੇ ਮੁਰਗੀ ਪਾਲਣ ਲਈ ਢਾਂਚਾ ਖੜ੍ਹਾ ਕਰਨ ਵਿੱਚ ਨਿਵੇਸ਼ ਕੀਤਾ। ਹੁਣ ਉਹ ਡੇਅਰੀ ਤੋਂ 6-7 ਹਜਾਰ ਰੁਪਏ ਅਤੇ ਪੂਰੇ ਸੀਜ਼ਨ ਵਿੱਚ ਮਿਰਚਾਂ ਦੀ ਖੇਤੀ ਤੋਂ 20-25 ਹਜਾਰ ਰੁਪਏ ਕਮਾਉਂਦੀ ਹੈ ਜਦੋਂ ਕਿ ਪਹਿਲਾਂ ਉਹ 10-15 ਹਜਾਰ ਹੀ ਕਮਾ ਪਾਉਂਦੀ ਸੀ। ਉਸਨੇ ਆਪਣੇ ਸਮੂਹ ਦੀਆਂ 14 ਕਿਸਾਨ ਔਰਤਾਂ ਤੋਂ ਇਲਾਵਾ ਹੋਰਾਂ ਔਰਤਾਂ ਨੂੰ ਵੀ ਪ੍ਰੇਰਿਤ ਕੀਤਾ ਹੈ।

ਇਸਦੇ ਨਾਲ ਹੀ, ਓਹਨਾਂ ਨੂੰ ਨਿਯਮਿਤ ਆਦਮਨ ਪ੍ਰਾਪਤ ਕਰਨ ਦੇ ਸਮਰੱਥ ਕਰਨ ਲਈ ਡੇਅਰੀ ਫਾਰਮਿੰਗ ਨੂੰ ਵੀ ਪ੍ਰੋਤਸ਼ਾਹਿਤ ਕੀਤਾ ਗਿਆ।

ਵਰਤਮਾਨ ਵਿੱਚ, ਪਿੰਡ ਵਿੱਚ ਦੁੱਧ ਦਾ ਉਤਪਾਦਨ 50 ਲਿਟਰ ਹੈ। ਅਤੇ ਹਰ ਸਾਲ ਪਿੰਡ ਤੋਂ 8-10 ਲੱਖ ਕੀਮਤ ਦੀ ਮਿਰਚ ਵੇਚੀ ਜਾਂਦੀ ਹੈ। ਸੰਜੀਵਨੀ, ਉੱਤਰਾਖੰਡ ਆਰਗੈਨਿਕ ਕਮੋਡਿਟੀ ਬੋਰਡ ਦੇ ਨਾਲ ਮਿਲ ਕੇ, ਕਿਸਾਨਾਂ ਨੂੰ ਬਾਜ਼ਾਰ ਲਿੰਕ ਮੁਹੱਈਆ ਕਰਵਾ ਰਿਹਾ ਹੈ ਤਾਂਕਿ ਬਿਨਾਂ ਵਿਚੋਲਿਆਂ ਦੀ ਸ਼ਮੂਲੀਅਤ ਖਪਤਕਾਰਾਂ ਨੂੰ ਸਿੱਧੇ ਵੇਚਿਆ ਜਾ ਸਕੇ। ◆

**ਹਿਰਦੇਸ਼ ਕੁਮਾਰ ਚੁਨੇਰਾ**
ਪ੍ਰੋਜੈਕਟ ਮੈਨੇਜਰ
ਸੰਜੀਵਨੀ ਵਿਕਾਸ ਅਤੇ ਜਨ ਕਲਿਆਣ ਸਮਿਤੀ
ਈ ਮੇਲ: hirdesh.chunera@gmail.com

Organic vegetable farming by women
LEISA INDIA, Vol. 17, No. 4, December 2015.

## Issues and Themes of LEISA INDIA Published in English 1999-2015

V.1, No.1, 1999- Markets for LEISA and Organic products
V.1, No.2, 1999- Stakeholders in Research
V.1, No.2, 1999- Restoring biodiversity

V.2, No.1, 2000- Desertification
V.2, No.2, 2000- Farmer innovations
V.2, No.3, 2000- Farming in the forest
V.2, No.4, 2000- Monocultures towards sustainability

V.3, No.1, 2001- Coping with disaster
V.3, No.2, 2001- Go global stay local
V.3, No.3, 2001- Lessons in scaling up
V.3, No.4, 2001- Biotechnology

V.4, No.1, 2002- Managing Livestock
V.4, No.2, 2002- Rural Communication
V.4, No.3, 2002- Recreating Living Soil
V.4, No.4, 2002- Women in agriculture

V.5, No.1, 2003- Farmers Field School
V.5, No.2, 2003- Ways of water harvesting
V.5, No.3, 2003- Access to resources
V.5, No.4, 2003- Reversing Degradation

V.6, No.1, 2004- Valuing crop diversity
V.6, No.2, 2004- New generation of farmers
V.6, No.3, 2004- Post harvest Management
V.6, No.4, 2004- Farming with nature

V.7, No.1, 2005- On Farm Energy
V.7, No.2, 2005- More than Money
V.7, No.3, 2005- Contribution of Small Animals
V.7, No.4, 2005- Towards Policy Change

V.8, No.1, 2006- Documentation for Change
V.8, No.2, 2006- Changing Farming Practices
V.8, No.3, 2006- Knowledge Building Processes
V.8, No.4, 2006- Nurturing Ecological Processes

V.9, No.1, 2007- Farmers Coming together
V.9, No.2, 2007- Securing Seed Supply
V.9, No.3, 2007- Healthy Produce, People and Environment
V.9, No.4, 2007- Ecological Pest Management

V.10, No.1, 2008- Towards Fairer Trade
V.10, No.2, 2008- Living Soils
V.10, No.3, 2008- Farming and Social Inclusion
V.10, No.4, 2008- Dealing with Climate Change

V.11, No.1, 2009- Farming Diversity
V.11, No.2, 2009- Farmers as Entrepreneurs
V.11, No.3, 2009- Women and Food Sovereignty
V.11, No.4, 2009- Scaling up and sustaining the gains

V.12, No.1, 2010- Livestock for sustainable livelihoods
V.12, No.2, 2010- Finance for farming
V.12, No.3, 2010- Managing water for sustainable farming

V.13, No.1, 2011- Youth in farming
V.13, No.2, 2011- Trees and farming
V.13, No.3, 2011- Regional Food System
V.13, No.4, 2011- Securing Land Rights

V.14, No.1, 2012- Insects as Allies
V.14, No.2, 2012- Greening the Economy
V.14, No.3, 2012- Farmer Organisations
V.14, No.4, 2012- Combating Desertification

V.15, No.1, 2013- SRI: A Scaling up success
V.15, No.2, 2013- Farmers and market
V.15, No.3, 2013- Education for Change
V.15, No.4, 2013- Strengthening family farming

V.16, No.1, 2014- Cultivating farm biodiversity
V.16, No.2, 2014- Family farmers breaking out of poverty
V.16, No.3, 2014- Family farmers and sustainable landscapes
V.16, No.4, 2014- Family farming and nutrition

V.17, No.1, 2015- Soils for Life
V.17, No.2, 2015- Rural-urban linkages
V.17, No.3, 2015- Water-lifeline for livelihoods
V.17, No.4, 2015- Women forging change



# ਕਰੋੜਾਂ ਤਾਈਂ ਸੁਰੱਖਿਅਤ ਖ਼ੁਰਾਕ ਮੁਹੱਈਆ ਕਰਵਾਉਣ ਦਾ ਜ਼ਰੀਆ ਹੈ ਤੰਦਰੁਸਤ ਸਜੀਵ ਮਿੱਟੀ ਦਾ ਨਿਰਮਾਣ

*ਦੀਪਕ ਸਚਦੇ ਅਤੇ ਸਵ. ਡਾ. ਓ.ਪੀ. ਰੁਪੇਲਾ*

ਬਹੁਤ ਸਾਰੇ ਕਿਸਾਨ ਅੰਮ੍ਰਿਤ ਮਿੱਟੀ ਨਾਮਕ ਨਿਵੇਕਲੀ ਹੀ ਕਿਸਮ ਦੀ ਕੰਪੋਸਟ ਖਾਦ ਦੇ ਇਸਤੇਮਾਲ ਸਦਕਾ ਭੂਮੀ ਮੁੜ ਸਜੀਵਤਾ ਪ੍ਰਦਾਨ ਕਰ ਰਹੇ ਹਨ। ਬਿਨਾਂ ਕੋਈ ਰਸਾਇਣ ਵਰਤਿਆਂ ਆਪਣੇ ਖੇਤਾਂ ਨੂੰ ਭੂ-ਮੱਲ੍ਹੜ ਨਾਲ ਨਿਵਾਜ਼ਣ ਵਾਲੇ ਇਹ ਕਿਸਾਨ ਸਥਾਨਕ ਕੁਦਰਤੀ ਸਰੋਤਾਂ ਦਾ ਦੋਹਣ ਕਰਦੇ ਹੋਏ ਬੇਹੱਦ ਵੰਨ-ਸੁਵੰਨਤਾ ਭਰਪੂਰ ਪੋਸ਼ਕ ਖ਼ੁਰਾਕ ਪੈਦਾ ਕਰ ਰਹੇ ਹਨ।

ਭੂਮੀ, ਪੌਦਿਆਂ ਦੇ ਸੰਤੁਲਤ ਵਾਧੇ ਵਿਕਾਸ ਲਈ ਲੋੜੀਂਦੇ ਸਮੂਹ ਪੋਸ਼ਕ (ਘੱਟੋ-ਘੱਟ 30) ਤੱਤਾਂ ਦਾ ਵੱਡਾ ਭੰਡਾਰ ਹੈ। ਪਰੰਤੂ ਇਹਨਾਂ ਇਹਨਾਂ ਦੀ ਵੱਡੀ ਮਾਤਰਾ ਪੌਦਿਆਂ ਲਈ ਅਣ-ਉਪਲਬਧ ਰੂਪ ਵਿੱਚ ਹੁੰਦੀ ਹੈ ਅਤੇ ਬਹੁਤ ਹੀ ਘੱਟ ਮਾਤਰਾ 'ਚ ਇਹ ਪਾਣੀ ਅੰਦਰ ਘੁਲਣਸ਼ੀਲ ਰੂਪ ਵਿੱਚ ਮਿਲਦੇ ਹਨ ਜਿਹੜੇ ਕਿ ਪੌਦਿਆਂ ਦੁਆਰਾ ਗ੍ਰਹਿਣ ਕਰ ਲਏ ਜਾਂਦੇ ਹਨ। ਪੌਦਿਆਂ ਦਾ ਮਨੁੱਖਾਂ ਲਈ ਖਾਣਯੋਗ ਹਿੱਸਾ ਅਲੱਗ ਕਰ ਲਿਆ ਜਾਂਦਾ ਹੈ ਅਤੇ ਅੱਗੇ ਅਸੀਂ ਪੌਦਿਆਂ ਦੇ ਬਾਕੀ ਬਚੇ ਹਿੱਸਿਆਂ ਨੂੰ ਪਸ਼ੂ ਚਾਰੇ ਵਜੋਂ ਵਰਤ ਲਿਆ ਜਾਂਦਾ ਹੈ ਤੇ ਜਾਂ ਫਿਰ ਖੇਤਾਂ ਵਿੱਚ ਹੀ ਸਾੜ ਦਿੱਤਾ ਜਾਂਦਾ ਹੈ। ਪਰੰਤੂ ਜੇਕਰ ਇਸ ਫਸਲੀ ਰਹਿੰਦ-ਖੂੰਹਦ ਭੂਮੀ ਨੂੰ ਹੀ ਵਾਪਸ ਦੇ ਦਿੱਤੀ ਜਾਵੇ ਤਾਂ ਭੂ-ਮੱਲ੍ਹੜ ਦਾ ਨਿਰਮਾਣ ਅਤੇ ਪੋਸ਼ਣ ਹੋਵੇਗਾ। ਇਸ ਨਾਲ ਭੂਮੀ ਅੰਦਰ ਮੁੜ ਜੀਵਨ ਦਾ ਸੰਚਾਰ ਹੋਣ ਸਦਕਾ ਇਹ ਆਪਣੇ ਅੰਦਰ ਪਾਏ ਜਾਣ ਵਾਲੇ ਕਰੋੜਾਂ-ਕਰੋੜ ਸੂਖਮ ਜੀਵਾਣੂਆਂ, ਭਾਂਤ-ਸੁਭਾਂਤੇ ਜੀਵ ਜਗਤ ਅਤੇ ਜੀਵਨ ਦੇ ਅਨੇਕਾਂ ਹੋਰ ਰੂਪਾਂ ਦਾ ਭਰਣ-ਪੋਸ਼ਣ ਕਰ ਸਕਦੀ ਹੈ। ਭੂਮੀ ਨੂੰ ਦਿੱਤਾ ਗਿਆ ਜੈਵਿਕ ਮਾਦਾ ਇਸ ਵਿਚਲੇ ਜੀਵ ਤੱਤ ਦਾ ਭੋਜਨ ਹੈ ਜਿਹੜੇ ਕਿ ਦਿਨ-ਰਾਤ ਮਿੱਟੀ ਅੰਦਰ ਅਣ-ਉਪਲਬਧ ਰੂਪ ਵਿੱਚ ਪਏ ਪੋਸ਼ਕ ਅਤੇ ਸੂਖਮ ਪੋਸ਼ਕ ਤੱਤਾਂ ਨੂੰ ਉਪਲਬਧ ਰੂਪ ਵਿੱਚ ਪੌਦਿਆਂ ਨੂੰ ਮੁਹੱਈਆ ਕਰਦੇ ਹਨ। ਜੰਗਲ ਦੀ ਨਾ ਛੇੜੀ ਗਈ ਇੱਕ ਮੱਗ (ਭਾਰਤ ਵਿੱਚ ਨਹਾਉਣ ਲਈ ਵਰਤਿਆ ਜਾਣ ਵਾਲਾ ਬਰਤਨ) ਮਿੱਟੀ ਵਿੱਚ 2000 ਕਰੋੜ ਬੈਕਟੀਰੀਆ, 20 ਕਰੋੜ ਪ੍ਰੋਟੋਜੋਆ, 1 ਲੱਖ ਮੀਟਰ ਉੱਲੀਆਂ, 1 ਲੱਖ ਨਿਮੋਟੋਡਜ਼ ਅਤੇ 50 ਹਜ਼ਾਰ ਅਰਥਰੋਪੋਡਜ਼ (ਸੈਂਟੀਪੀਡਜ਼, ਮਿਲੀਪੀਡਜ਼, ਕੀੜੇ ਅਤੇ ਮੱਕੜੀਆਂ) ਪਾਏ ਜਾਂਦੇ ਹਨ। ਇਹ ਮੰਨਿਆ ਜਾਂਦਾ ਹੈ ਕਿ ਤੰਦਰੁਬਤ ਮਿੱਟੀ ਦੁਆਰਾ ਨਮੀ ਦੇ ਰੂਪ 'ਚ ਸਹੇਜਿਆ ਗਿਆ ਮੱਲ੍ਹੜ, ਧਰਤੀ ਉੱਤੇ ਸਮੁੰਦਰਾਂ ਤੋਂ ਬਾਅਦ ਕੁਦਰਤੀ ਪਾਣੀ ਦਾ ਦੂਜਾ ਵੱਡਾ ਸੋਮਾ ਹੈ। ਜੇਕਰ ਭੂਮੀ ਅੰਦਰ ਮੱਲ੍ਹੜ ਦੀ ਮਾਤਰਾ ਘਟਦੀ ਹੈ ਤਾਂ ਪੌਦਿਆਂ ਦੇ ਵਾਧੇ ਵਿਕਾਸ ਲਈ ਭੂਮੀ ਪਾਣੀ ਸਮੇਤ ਸਾਰੀਆਂ ਬਾਹਰੀ ਆਗਤਾਂ 'ਤੇ ਨਿਰਭਰ ਹੋ ਜਾਂਦੀ ਹੈ ਅਤੇ ਇੱਥੋਂ ਹੀ ਸ਼ੁਰੂ ਹੋ ਜਾਂਦਾ ਹੈ ਖੇਤੀ ਖ਼ੁਦਮੁਖਤਾਰੀ ਦਾ ਪਤਨ।

## ਨੈਟਈਕੋ ਫਾਰਮਿੰਗ

ਨੈਟਈਕ ਫਾਰਮਿੰਗ, ਖੇਤੀ ਅਤੇ ਖ਼ੁਰਾਕ ਦੀਆਂ ਅਜੋਕੀਆਂ ਲੋੜਾਂ ਦੀ ਪੂਰਤੀ ਕਰਨ ਦਾ ਇੱਕ ਸਮਗਰ ਤਰੀਕਾ ਹੈ। ਇਸ ਦਾ ਮੁਢਲਾ ਉਦੇਸ਼ ਭੂਮੀ ਅੰਦਰ ਕਾਰਬਨ ਜਾਂ ਮੱਲ੍ਹੜ ਵਿੱਚ ਭਾਰੀ ਵਾਧਾ ਕਰਦੇ ਹੋਏ ਘੱਟੋ-ਘੱਟ ਆਗਤਾਂ ਅਤੇ ਊਰਜ਼ਾ ਖਰਚ ਕਰਕੇ ਉਤਪਾਦਨ ਵਿੱਚ ਜ਼ਿਕਰਯੋਗ ਵਾਧਾ ਕਰਨਾ ਹੈ।

ਭੂਮੀ ਅੰਦਰ ਜੀਵਨ ਸੂਖਮ ਜੀਵਾਂ ਅਤੇ ਪੌਦਿਆਂ ਦੇ ਰੂਪ ਵਿੱਚ ਫਲੀਭੂਤ ਹੈ ਬਿਲਕੁੱਲ ਉਸੇ ਤਰ੍ਹਾਂ ਜਿਵੇਂ ਕਿ ਮਾਂ ਦੀ ਕੁੱਖ ਵਿੱਚ ਬੱਚਾ। ਮਨੁੱਖਾਂ ਅਤੇ ਜਾਨਵਰਾਂ ਤੋਂ ਅਲੱਗ ਕੁਦਰਤ ਆਪਣੇ ਬੱਚਿਆਂ ਨੂੰ ਉਦੋਂ ਤੱਕ ਪਾਲਦੀ ਹੈ ਜਦੋਂ ਤੱਕ ਉਹ ਜਿਉਂਦੇ ਰਹਿੰਦੇ ਹਨ।

ਨੈਟਈਕੋ ਫਾਰਮਿੰਗ ਮੁਢਲੇ ਤੌਰ 'ਤੇ ਇਸ ਵਿਚਾਰ 'ਤੇ ਆਧਾਰਿਤ ਹੈ, "ਜੀਵਨ ਦਾ ਇੱਕ ਵਿਗਿਆਨ ਹੈ ਅਤੇ ਜੀਵਨ ਊਰਜ਼ਾ 'ਤੇ ਹੀ ਨਿਰਭਰ ਹੈ।" ਨੈਟਈਕੋ ਖੇਤੀ ਬਾਰੇ ਨਹੀਂ ਹੈ ਅਤੇ ਉਤਪਾਦਨ ਲਈ ਖੇਤੀ ਬਾਰੇ ਤਾਂ ਬਿਲਕੁੱਲ ਵੀ ਨਹੀਂ। ਇਹ ਤਾਂ ਜੀਵਨ ਜਾਚ ਹੈ। (ਦੇਖੋ ਬਾਕਸ 1) ਹਾਲਾਂਕਿ ਕੁਦਰਤ ਉਪਜਾਊ ਮਿੱਟੀ ਬਣਾਉਣ 'ਚ ਸਦੀਆਂ ਲੱਗ ਜਾਂਦੀਆਂ ਹਨ, ਇੱਕ ਕਿਸਾਨ ਆਪਣੇ ਖੇਤ ਅੰਦਰ ਅੰਮ੍ਰਿਤ ਮਿੱਟੀ ਦੇ ਰੂਪ ਵਿੱਚ ਇਹ ਮਿੱਟੀ 5 ਮਹੀਨਿਆਂ ਤੋਂ ਵੀ ਘੱਟ ਸਮੇਂ 'ਬਣਾ ਸਕਦਾ ਹੈ (ਦੇਖੋ ਬਾਕਸ 2)। ਇਹ ਮਨੁੱਖ ਦੀ ਸਕਾਰਾਤਮਕ ਦਖਲਅੰਦਾਜ਼ੀ ਸਦਕਾ ਕੁਦਰਤ ਵਿੱਚ ਮਿੱਟੀ ਦੀ ਉੱਪਰਲੀ ਉਪਜਾਊ ਪਰਤ (ਟਾਪ ਸਾਇਲ) ਬਣਨ ਦੀ ਕਿਰਿਆ ਨੂੰ ਤੇਜ਼ ਕਰਨ ਦੀ ਪ੍ਰਕਿਰਿਆ ਹੈ। ਅੰਮ੍ਰਿਤ ਮਿੱਟੀ ਵਿੱਚ ਆਦਰਸ਼ ਉਪਜਾਊ ਮਿੱਟੀ ਦੀਆਂ ਸਾਰੀਆਂ ਖ਼ੂਬੀਆਂ-ਸੂਖਮ ਜੀਵਾਂ ਦੀ ਸਜੀਵ ਹੋਂਦ, ਢੁਕਵੀ ਨਮੀ ਅਤੇ ਹਵਾਦਾਰੀ ਮੌਜੂਦ ਹਨ।

**ਇਸ ਨੈਟਈਕੋ ਤਕਨੀਕ ਤਹਿਤ ਫਸਲਾਂ ਪੈਦਾ ਕਰਨ ਦੀਆਂ ਕੁੱਝ ਮੁੱਖ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਹਨ:**

(ੳ) ਫਸਲਾਂ ਬਿਨਾਂ ਵਾਹੇ ਅਤੇ ਮਲਚਿੰਗ ਕੀਤੇ ਹੋਏ ਅੰਮ੍ਰਿਤ ਮਿੱਟੀ ਦੇ

**ਬਾਕਸ 1: ਨੈਟਈਕੋ ਤਕਨੀਕ**

ਨੈਟਈਕੋ ਸਾਂਇੰਸ ਸਵ. ਪ੍ਰੋਫੈਸਰ ਸ਼੍ਰੀਪਾਦ ਏ ਦਾਭੋਲਕਰ ਦੀ ਦੇਣ ਹੈ ਅਤੇ "ਨੈਟਈਕੋ" ਸ਼ਬਦ ਦਾ ਜਨਮ ਦੋ ਸ਼ਬਦਾਂ "ਨੈਚੁਰਲ" ਅਤੇ "ਈਕੋਲੌਜ਼ੀਕਲ" ਦੇ ਮੇਲ ਵਿੱਚੋਂ ਹੋਇਆ ਹੈ। ਖੇਤੀ ਦਾ ਇਹ ਤਰੀਕਾ ਦਰ-ਅਸਲ ਖੇਤੀ ਦੇ ਦੇਖੋ, ਸਮਝੋ ਅਤੇ ਗਹਿਰੇ ਵਿਗਿਆਨਕ ਤਰੀਕਿਆਂ ਰਾਹੀਂ ਕੁਦਰਤ ਨਾਲ ਇੱਕਮਿੱਕਤਾ ਵਿੱਚ ਖੇਤ ਦੀ ਈਕੋਲੌਜ਼ੀ ਅਤੇ ਉਤਪਾਦਕਤਾ ਨੂੰ ਮਜ਼ਬੂਤ  ਕਰਨ ਦੀ ਜਾਚ ਹੈ।ਇਹ ਖੇਤੀ ਨਾਲ ਸਬੰਧਤ ਮੁਢਲੇ ਸਵਾਲਾਂ ਜਿਵੇਂ ਕਿ ਕੁਦਰਤ ਉੱਤੇ ਬਿਨਾਂ ਬੋਝ ਪਾਏ ਉਸ ਨਾਲ ਇੱਕਮਿੱਕਤਾ ਵਿੱਚ ਕਿਵੇਂ ਕੰਮ ਕੀਤਾ ਜਾਵੇ, ਖੇਤੀ ਲਈ ਬਾਹਰੀ ਆਗਤਾਂ ਉੱਤੇ ਨਿਰਭਰਤਾ ਕਿਵੇਂ ਘਟਾਈ ਜਾਵੇ, ਖੇਤ ਦੁਆਲੇ ਉਪਲਬਧ ਕੁਦਰਤੀ ਸੋਮਿਆਂ ਦੇ ਇਸਤੇਮਾਲ ਅਤੇ ਵਿਗਿਆਨਕ ਤਰੀਕਿਆਂ ਨਾਲ ਕਿਵੇਂ ਕੰਮ ਕੀਤਾ ਜਾਵੇ, ਬਿਨਾਂ ਖੇਤੀ ਦੀ ਈਕੋਲੌਜ਼ੀ ਨੂੰ ਹਾਨੀ ਪਹੁੰਚਾਏ ਉਸੇ ਸਮੇਂ ਇਸਤੋਂ ਉਚੇਚੇ ਲਾਭ ਕਿਵੇਂ ਲਏ ਜਾਣ? ਨੈਟਈਕੋ ਕਲਚਰ ਦੀਆਂ ਇਹ ਵਿਸ਼ੇਸ਼ਤਾਵਾਂ ਹੀ ਇਸਨੂੰ ਜੈਵਿਕ ਖੇਤੀ ਦੇ ਬਾਕੀ ਰੂਪਾਂ ਨਾਲੋਂ ਵੱਖ ਦਰਸਾਉਂਦੀਆਂ ਹਨ।

ਛੋਟੇ ਢੇਰਾਂ 'ਤੇ ਉਗਾਈਆਂ ਜਾਂਦੀਆਂ ਹਨ। (ਅ) ਅੰਮ੍ਰਿਤ ਮਿੱਟੀ ਦੇ ਇਹਨਾਂ ਢੇਰਾਂ ਨੂੰ ਉਹਨਾਂ ਉੱਤੇ ਫ਼ੁਹਾਰਾ ਕੇਨੀਆਂ ਨਾਲ ਪਾਣੀ ਦਾ ਛਿੜਕਾਅ ਕਰਕੇ  ਹਮੇਸ਼ਾ ਨਮੀਦਾਰ ਬਣਾ ਕੇ ਰੱਖਿਆ ਜਾਂਦਾ ਹੈ। (ੲ) ਫਸਲਾਂ ਦੀ ਲੋੜ ਆਧਾਰਿਤ ਬਿਜਾਈ ਅਤੇ ਕਟਾਈ- ਇਹ ਕੁੱਲ ਮਿਲਾ ਕੇ ਮਨੁੱਖ ਨਿਰਮਤ ਜੰਗਲ ਹੀ ਲੱਗਦਾ ਹੈ। (ਸ) ਇਸ ਵਿੱਚ ਕਿਸੇ ਵੀ ਪ੍ਰਕਾਰ ਦੇ ਖੇਤੀ ਰਸਾਇਣਾਂ ਜਿਵੇਂ ਕਿ ਖਾਦ, ਕੀੜੇਮਾਰੇ ਜ਼ਹਿਰਾਂ ਅਦਿ ਦੀ ਉੱਕਾ ਹੀ ਲੋੜ ਨਹੀਂ।(ਹ) ਨਦੀਨਾਂ ਨੂੰ ਫੁੱਲ ਪੈਣ ਤੱਕ ਵਧਣ ਦਿੱਤਾ ਜਾਂਦਾ ਹੈ ਅਤੇ ਕੁਦਰਤੀ ਸੋਮੇ ਵਜੋ ਦੇਖਿਆ ਜਾਂਦਾ ਹੈ। (ਕ) 10 ਗੁੰਠਾ (ਇੱਕ ਚੌਥਾਈ ਏਕੜ) ਵਿੱਚ 125 ਪ੍ਰਕਾਰ ਦੀਆਂ ਸੀਜਨਲ ਅਤੇ ਸਦਾਬਹਾਰ ਫਸਲਾਂ ਅਤੇ ਮਸਾਲਿਆਂ ਭਰਵੀਂ ਵੰਨ-ਸੁਵੰਨਤਾ ਦੇਖਣ ਨੂੰ ਮਿਲਦੀ ਹੈ। (ਖ) ਮੀਂਹ ਦੇ ਪਾਣੀ ਨੂੰ ਸਹੇਜਣ ਲਈ ਖੇਤ ਦੁਆਲੇ ਨਾਲੀਆਂ ਬਣਾਈਆਂ ਜਾਂਦੀਆਂ ਹਨ ਅਤੇ (ਗ) ਵੱਖ-ਵੱਖ ਮਕਸਦਾਂ

**ਬਾਕਸ 2: ਅੰਮ੍ਰਿਤ ਮਿੱਟੀ ਨਿਰਮਾਣ**

**ਅੰਮ੍ਰਿਤ ਜਲ ਬਣਾਉਣਾ**

ਇੱਕ ਬਰਤਨ ਵਿੱਚ 10 ਲੀਟਰ ਪਾਣੀ, 1 ਲੀਟਰ ਪਸ਼ੂ ਮੂਤਰ, 1 ਕਿੱਲੋ ਤਾਜਾ ਗੋਬਰ ਅਤੇ 50 ਗ੍ਰਾਮ ਗੁੜ ਘੋਲੋ। ਇਸ ਘੋਲ ਨੂੰ 3 ਦਿਨਾਂ ਲਈ ਜੂਟ ਦੀ ਬੋਰੀ ਨਾਲ ਢਕ ਕੇ ਛਾਂਵੇਂ ਰੱਖੋ। ਘੋਲ ਨੂੰ ਪ੍ਰਤਿ ਦਿਨ 2-3 ਵੇਲੇ ਡੰਡੇ ਨਾਲ 12 ਵਾਰ ਸਿੱਧੇ ਹੱਥ ਅਤੇ 12 ਵਾਰ ਪੁੱਠੇ ਹੱਥ ਘੋਲੋ।ਚੌਥੇ ਦਿਨ ਇਹ ਘੋਲ ਵਰਤੋਂ ਲਈ ਤਿਆਰ ਹੈ।ਹੁਣ ਇਸ ਘੋਲ ਨੂੰ ਦਸ ਗੁਣਾਂ ਪਾਣੀ ਵਿੱਚ ਮਿਕਸ ਕਰ ਦਿਉ।

↓

**ਅੰਮ੍ਰਿਤ ਮਿੱਟੀ ਬਣਾਉਣਾ**

ਪਹਿਲਾਂ ਹੀ ਇਕੱਠਾ ਕਰਕੇ ਪੂਰੀ ਤਰ੍ਹਾਂ ਸੁਕਾ ਕੇ ਕੁਤਰਿਆ ਹੋਇਆ ਸੁੱਕਾ ਅਤੇ ਹਰਾ ਜੈਵਿਕ ਮਾਦਾ।ਇਸ ਜੈਵਿਕ ਮਾਦੇ ਨੂੰ ਘੱਟੋ-ਘੱਟ 24 ਘੰਟਿਆਂ ਲਈ ਅੰਮ੍ਰਿਤ ਜਲ ਵਿੱਚ ਡੁਬੋ ਕੇ ਰੱਖੋ।

↓

**ਬੈੱਡ ਬਣਾਉਣਾ-ਲੰਬਾਈ 10 ਫੁੱਟ, ਚੌੜਾਈ 3 ਫੁੱਟ ਅਤੇ ਉੱਚਾਈ 1 ਫੁੱਟ**

ਚੁਣੀ ਹੋਈ ਥਾਂ 'ਤੇ ਭਿਉਂਤੇ ਹੋਏ ਜੈਵਿਕ ਮਾਦੇ ਦੀ ਇੱਕ ਪਰਤ ਵਿਛਾ ਕੇ ਉਸ ਉੱਪਰ ਉਪਜਾਊ ਮਿੱਟੀ ਦੇ ਧੂੜੇ ਦੀ ਇੱਕ ਪਤਲੀ ਪਰਤ ਪਾ ਦਿਉ। ਇਹ ਪ੍ਰਕਿਰਿਆ ਦੁਹਰਾਉਂਦੇ ਹੋਏ ਢੇਰ ਨੂੰ ਇਸ ਉੱਤੇ ਪਿਆਰ ਨਾਲ ਚਲਦੇ ਹੋਏ ਜਾਂ ਡਾਂਸ ਕਰਦੇ ਹੋਏ ਉਦੋਂ ਤੱਕ ਲਤਾੜਦੇ ਰਹੋ ਜਦੋਂ ਤੱਕ ਕਿ ਇਹ 1 ਫੁੱਟ ਉੱਚਾ ਨਾ ਹੋ ਜਾਵੇ। ਉਪਰੰਤ ਬੈੱਡ ਤਿਆਰ ਹੈ, ਇਸਨੂੰ ਪੌਦਿਆਂ ਦੀ ਰਹਿੰਦ-ਖੂੰਹਦ ਨਾਲ ਢਕ ਕੇ ਕੰਪੋਸਟ ਬਣਨ ਲਈ ਛੱਡ ਦਿਉ।

↓

**ਪਹਿਲੀ ਕੰਪੋਸਟਿੰਗ 30 ਦਿਨ ਲਈ**

ਹਰ ਸੱਤਵੇਂ ਦਿਨ ਢੇਰ ਦੀ ਪਲਟੀ ਮਾਰੀ ਜਾਵੇ। ਹਰ ਵਾਰ ਪਲਟੀ ਮਾਰਨ ਉਪਰੰਤ ਮਲਚਿੰਗ ਕਰਨਾ ਲਾਜ਼ਮੀ ਹੈ। ਢੇਰ ਵਿੱਚ ਨਮੀ ਜੀਵ ਤੱਤ ਦੀ ਸਰਗਰਮੀ ਬਣਾਈ ਰੱਖਣ ਲਈ ਉਸ ਉੱਤੇ ਸਮੇਂ-ਸਮੇਂ ਅੰਮ੍ਰਿਤ ਜਲ ਦਾ ਛਿੜਕਾਅ ਕਰਦੇ ਰਹੋ। ਕੋਈ 30 ਦਿਨਾਂ ਬਾਅਦ ਢੇਰ ਬਣਾਉਣ ਲਈ ਵਰਤੇ ਗਏ ਜੈਵਿਕ ਮਾਦੇ ਅਤੇ ਮੌਸਮੀ ਹਾਲਤਾਂ ਮੁਤਾਬਿਕ ਢੇਰ ਖਾਦ 'ਚ ਬਦਲ ਜਾਵੇਗਾ।

↓

ਹੁਣ ਵੱਖ-ਵੱਖ ਕਿਸਮਾਂ ਅਤੇ ਵੱਖ-ਵੱਖ ਸਵਾਦਾਂ ਵਾਲੇ ਪੌਦਿਆਂ ਦੇ ਜਿਵੇਂ ਮਿੱਠਾ-ਸੌਂਫ, ਗਾਜ਼ਰ, ਖੱਟਾ- ਇਮਲੀ, ਟਮਾਟਰ, ਅੰਬਾੜੀ, ਚਿੱਬੜ, ਤਿੱਖਾ-ਹਰੀ ਮਿਰਚ, ਨਮਕੀਨ- ਪਾਲਕ, ਕੌੜਾ-ਕਰੇਲਾ, ਮੇਥੀ ਆਦਿ। ਇਹਨਾਂ ਬੀਜਾਂ ਨੂੰ 8 ਘੰਟਿਆਂ ਲਈ ਅੰਮ੍ਰਿਤ ਜਲ ਵਿੱਚ ਭਿਉਂ ਕੇ ਰੱਖਣ ਉਪਰੰਤ ਪਲਟੇ ਹੋਏ ਢੇਰ 'ਤੇ ਬੀਜਣ ਉਪਰੰਤ ਮਲਚਿੰਗ ਕਰ ਦਿਉ।ਸਮੇਂ-ਸਮੇਂ ਅੰਮ੍ਰਿਤ ਜਲ ਦਾ ਛਿੜਕਾਅ ਕਰਦੇ ਰਹੋ ਤਾਂ ਕਿ ਢੇਰ ਵਿੱਚ ਨਮੀ ਦੀ ਉੱਚਿਤ ਮਾਤਰਾ ਬਣੀ ਰਹੀ ਅਤੇ ਸੂਖਮ ਜੀਵਾਣੂਆਂ ਦੀ ਗਤੀਵਿਧੀ ਵਿੱਚ ਵੀ ਵਾਧਾ ਹੋਵੇ। ਬਿਜਾਈ ਉਪਰੰਤ 21 ਦਿਨਾਂ ਤੱਕ ਇਸੇ ਤਰ੍ਹਾਂ ਚੱਲਣ ਦਿਉ।

↓

21ਵੇਂ ਦਿਨ ਢੇਰ' ਤੇ ਉੱਗੇ ਹੋਏ ਪੌਦਿਆਂ ਨੂੰ ਉੱਪਰੋਂ 25 ਫੀਸਦੀ ਕਟ ਕੇ ਢੇਰ 'ਤੇ ਵਿਛਾ ਦਿਉ।

↓

42ਵੇਂ ਦਿਨ ਫਿਰ ਤੋਂ ਢੇਰ 'ਤੇ ਉੱਗੇ ਹੋਏ ਪੌਦਿਆਂ ਨੂੰ ਉੱਪਰੋਂ 25 ਫੀਸਦੀ ਕੱਟ ਕੇ ਢੇਰ 'ਤੇ ਹੀ ਵਿਛਾ ਦਿਉ।

↓

63ਵੇਂ ਦਿਨ ਬਿਨਾਂ ਜੜ੍ਹਾਂ ਨੂੰ ਹਿਲਾਏ ਹੇਠੋਂ ਅੱਧਾ ਇੰਚ ਤਣਾ ਛੱਡ ਕੇ ਸਾਰੇ ਪੌਦਿਆਂ ਨੂੰ ਕੱਟ ਕੇ ਇਕੱਠਾ ਕਰ ਲਉ।ਹੁਣ ਇਕੱਠੇ ਕੀਤੇ ਗਏ ਇਸ ਮਾਦੇ ਨੂੰ 3-4 ਦਿਨ ਲਈ ਸੁੱਕਣ ਦਿਉ। ਪੂਰੀ ਤਰ੍ਹਾਂ ਸੁੱਕ ਜਾਣ ਉਪਰੰਤ ਇਸਨੂੰ ਛੋਟੇ-ਛੋਟੇ ਟੁਕੜਿਆਂ 'ਚ ਕੱਟ ਕੇ 8 ਘੰਟਿਆਂ ਲਈ ਅੰਮ੍ਰਿਤ ਜਲ ਵਿੱਚ ਡੁਬੋ ਕੇ ਰੱਖੋ।ਹੁਣ ਇਸ ਸਾਰੇ ਜੈਵਿਕ ਮਾਦੇ ਨੂੰ ਢੇਰ ਵਿੱਚ ਮਿਕਸ ਕਰ ਕੇ ਢੇਰ ਨੂੰ ਘਾਹ-ਫੂਸ ਆਦਿ ਨਾਲ ਢਕ ਕੇ ਕੰਪੋਸਟ ਬਣਨ ਲਈ ਛੱਡ ਦਿਉ।

↓

ਦੂਸਰੀ ਕੰਪਸੋਟਿੰਗ: ਇਸ ਢੇਰ ਨੂੰ 30 ਦਿਨਾਂ ਲਈ ਕੰਪੋਸਟ ਬਣਨ ਲਈ ਛੱਡ ਦਿਉ।ਹਰ ਸੱਤਵੇਂ ਦਿਨ ਢੇਰ ਦੀ ਪਲਟੀ ਮਾਰੋ। ਹਰ ਵਾਰ ਪਲਟੀ ਮਾਰਨ ਉਪਰੰਤ ਲਾਜ਼ਮੀ ਤੌਰ 'ਤੇ ਮਲਚਿੰਗ ਕਰੋ। ਢੇਰ ਵਿੱਚ ਨਮੀ ਜੀਵ ਤੱਤ ਦੀ ਸਰਗਰਮੀ ਬਣਾਈ ਰੱਖਣ ਲਈ ਉਸ ਉੱਤੇ ਸਮੇਂ-ਸਮੇਂ ਅੰਮ੍ਰਿਤ ਜਲ ਦਾ ਛਿੜਕਾਅ ਕਰਦੇ ਰਹੋ। ਕੋਈ 30 ਦਿਨਾਂ ਬਾਅਦ ਪੋਸ਼ਕ ਤੱਤਾਂ ਨਾਲ ਭਰਪੂਰ ਸਜੀਵ ਮਿੱਟੀ, ਅੰਮ੍ਰਿਤ ਮਿੱਟੀ ਤਿਆਰ ਹੈ। ਅੰਮ੍ਰਿਤ ਮਿੱਟੀ ਨੂੰ ਫਸਲੀ ਅਵਸ਼ੇਸ਼ਾਂ ਨਾਲ ਢਕੀ ਰੱਖੋ।

↓

ਅੰਮ੍ਰਿਤ ਮਿੱਟੀ ਨੂੰ ਆਪਣੀ ਜਾਦੂਈ ਛੋਹ ਪ੍ਰਦਾਨ ਕਰੋ [ਤੁਹਾਡੀ ਜਾਦੂਈ ਛੋਹ (ਹਾਂ ਪੱਖੀ ਨਜ਼ਰੀਆ ਅਤੇ ਕੁਦਰਤ ਪ੍ਰਤਿ ਸ਼ੁਕਰਾਨੇ ਦਾ ਭਾਵ) = ਅੰਮ੍ਰਿਤ ਮਿੱਟੀ ਵਿੱਚ ਸਕਾਰਾਤਮਕ ਊਰਜਾ]

**ਹੁਣ ਅੰਮ੍ਰਿਤ ਮਿੱਟੀ ਵਰਤੋਂ ਲਈ ਤਿਆਰ ਹੈ।**

## ਅੰਮ੍ਰਿਤ ਮਿੱਟੀ ਦਾ ਟਰਾਇਲ ਅਤੇ ਪਸਾਰ

2005 ਦੌਰਾਨ ਮਹਾਰਾਸ਼ਟਰ ਦੇ ਪਨਵਲ ਸਥਿਤ ਯੂਸਫ ਮੇਹਰੱਲੀ ਸੈਂਟਰ (ਵਾਈ ਐੱਮ ਸੀ) ਦੇ ਦੋ ਖੇਤਾਂ ਵਿੱਚ 10 ਗੁੰਠਾ ਖੇਤੀ ਦਾ ਪ੍ਰਯੋਗ ਕੀਤਾ ਗਿਆ ਜਦੋਂ ਕਿ ਮੱਧ ਪ੍ਰਦੇਸ਼ ਦੇ ਦੇਵਾਸ ਜ਼ਿਲ੍ਹੇ ਦੇ ਪਿੰਡ ਬਜਵਾੜਾ ਸਥਿਤ ਕ੍ਰਿਸ਼ੀ ਤੀਰਥ ਫਾਰਮ ਉੱਤੇ ਇਹ ਖੇਤੀ 2006 ਤੋਂ ਕੀਤੀ ਜਾ ਰਹੀ ਹੈ। ਇਹ ਪੱਕਾ ਵਿਸ਼ਵਾਸ਼ ਸੀ ਕਿ ਨੈਟਈਕੋ ਫਾਰਮਿੰਗ ਦੇ ਤਰੀਕੇ ਵਰਤ ਕੇ ਖੇਤੀ ਕੀਤੀ ਜਾਵੇ ਤਾਂ 10 ਗੁੰਠੇ ਜਾਂ ਇੱਕ ਚੌਥਾਈ ਏਕੜ ਜ਼ਮੀਨ ਚਾਰ ਜੀਆਂ ਦੇ ਇੱਕ ਪਰਿਵਾਰ ਦੀਆਂ ਖੁਰਾਕੀ ਲੋੜਾਂ ਪੂਰੀਆਂ ਕਰਨ ਦੇ ਨਾਲ-ਨਾਲ ਲੋੜ ਤੋਂ ਵਾਧੂ ਜਿਨਸ ਨੂੰ ਵੇਚ ਕਿ ਗੁਜ਼ਰ-ਬਸਰ ਲਈ ਲੋੜੀਂਦੀਆਂ ਕੁੱਝ ਹੋਰ ਵਸਤਾਂ ਖਰੀਦਣ ਲਈ ਵੀ ਕਾਫੀ ਹੈ।

ਆਕਾਰ ਵਿੱਚ ਛੋਟੇ ਹੋਣ ਦੇ ਬਾਵਜੂਦ ਇਹਨਾਂ ਖੇਤਾਂ ਵਿੱਚ ਫਸਲਾਂ ਦੀ ਉੱਚ ਉਤਪਾਦਕਤਾ ਸਦਕਾ ਦੇਸ ਭਰ ਵਿੱਚ ਬਹੁਤ ਸਾਰੇ ਕਿਸਾਨ ਨੈਟਈਕੋ ਫਾਰਮਿੰਗ ਦੇ ਤਰੀਕਿਆਂ ਨੂੰ ਅਪਣਾਉਣ ਲਈ ਪ੍ਰੇਰਤ ਹੋਏ। ਦੇਸ ਦੇ ਭਿੰਨ-ਭਿੰਨ ਭਾਗਾਂ ਵਿੱਚ ਵੱਖ-ਵੱਖ ਪਿਛੋਕੜ ਵਾਲੇ ਕਿਸਾਨਾਂ ਦੁਆਰਾ ਨੈਟਈਕੋ ਫਾਰਮਿੰਗ ਕੀਤੀ ਜਾ ਰਹੀ ਹੈ। ਚਾਹਵਾਨ ਕਿਸਾਨ ਬਜਵਾੜਾ ਸਥਿਤ ਕ੍ਰਿਸ਼ੀ ਤੀਰਥ ਵਿਖੇ ਨਿਰੰਤਰ ਲੱਗਣ ਵਾਲੀਆਂ ਨੈਟਈਕੋ ਫਾਰਮਿੰਗ ਟ੍ਰੇਨਿੰਗ ਵਰਕਸ਼ਾਪਾਂ ਵਿੱਚ ਭਾਗ ਲੈ ਕੇ ਨੈਟਈਕੋ ਫਾਰਮਿੰਗ ਸਿੱਖਣ ਲਈ ਆਉਂਦੇ ਰਹਿੰਦੇ ਹਨ।

ਇਹ ਵੀ ਯਾਦ ਰੱਖਿਆ ਜਾਵੇ ਕਿ ਖੇਤੀ ਦੇ ਇਸ ਤਰੀਕੇ ਵਿੱਚ ਕਿਸੇ ਤਰ੍ਹਾਂ ਦੀ ਵੀ ਵਹਾਈ-ਜੋਤਾਈ ਦੀ ਲੋੜ ਨਹੀਂ ਪੈਂਦੀ। ਇਸ ਲਈ ਇਹ ਛੋਟੀ ਜੋਤ ਵਾਲੇ ਕਿਸਾਨਾਂ ਲਈ ਵਧੇਰੇ ਢੁਕਵੀਂ ਖੇਤੀ ਪ੍ਰਨਾਲੀ ਹੈ। ਸਬੰਧਤ ਖੇਤ ਵਿੱਚ ਸਰਫੇਸ ਮਲਚਿੰਗ, ਫਸਲੀ ਅਵਸ਼ੇਸ਼ਾਂ ਦੀ ਸੁਵਰਤੋਂ, ਬਹੁ-ਪਰਤੀ ਖੇਤੀ ਜਿਹਦੇ ਵਿੱਚ ਰੁੱਖ ਦੀ ਸਹਿਹੋਂਦ ਵੀ ਸ਼ਾਮਿਲ ਹੋਵੇ ਆਦਿ ਚੰਗੇ ਖੇਤੀ ਅਭਿਆਸਾਂ ਸਦਕਾ ਅੰਮ੍ਰਿਤ ਮਿੱਟੀ ਦਾ ਨਿਰਮਾਣ ਵੀ ਜੀਵਨ ਭਰ 'ਚ ਇੱਕ ਹੀ ਵਾਰ ਹੀ ਕਰਨ ਦੀ ਲੋੜ ਹੈ। ਸਮੇਂ ਦੇ ਨਾਲ ਉਤਪਾਦਕਤਾ ਵਧਦੀ ਹੀ ਹੈ ਘਟਦੀ ਨਹੀਂ।

## ਕੁੱਝ ਨਤੀਜੇ, ਕੁੱਝ ਪ੍ਰਭਾਵ

ਅੰਮ੍ਰਿਤ ਮਿੱਟੀ ਅੰਦਰ ਅਨੰਤ ਕੋਟਿ ਸੂਖਮ ਅਤੇ ਅਤਿ ਸੂਖਮ ਜੀਵ ਪਾਏ ਜਾਂਦੇ ਹਨ। ਖੇਤੀ ਰਸਾਇਣਾਂ ਤੋਂ ਬਿਨਾਂ ਵੱਧ ਉਤਪਾਦਕਤਾ ਲਈ ਇਸਦੇ ਇਸਤੇਮਾਲ ਨੂੰ ਸ਼ੁਰੂਆਤੀ ਘਟਕ ਵਜੋਂ ਦੇਖਣਾ ਚਾਹੀਦਾ ਹੈ ਜਿਵੇਂ ਕਿ ਦੁੱਧ ਤੋਂ ਦਹੀਂ ਬਣਾਉਣ ਲਈ ਜਾਗ। ਸਰਫੇਸ ਮਲਚਿੰਗ ਨਾਲ ਇਸਦਾ ਇਸਤੇਮਾਲ ਉੱਪਰ ਦਰਸਾਏ ਅਨੁਸਾਰ ਭੂਮੀ ਅੰਦਰਲੇ ਜੀਵ ਤੱਤ ਦੀ ਪੁਨਰ ਸੁਰਜੀਤੀ ਲਈ ਢੁਕਵਾਂ ਵਾਤਾਵਰਨ ਪ੍ਰਦਾਨ ਕਰਦਾ ਹੈ। ਅਤੇ ਦੋਹਾਂ ਦੇ ਸੋਆਇਲ ਫੂਡ ਵੈੱਬ (ਭੂਮੀ ਦੀ ਭੋਜਨ ਵਿਵਸਥਾ) ਵਜੋਂ ਇਕੱਠਿਆਂ ਕੰਮ ਕਰਨ ਦੇ ਨਤੀਜੇ ਵਜੋਂ ਪੌਦਿਆਂ ਦੇ ਵਿਕਾਸ ਲਈ ਲੋੜੀਂਦੇ ਵੱਖ-ਵੱਖ ਪ੍ਰਕਾਰ ਦੇ ਸਾਰੇ ਸਲੋਅ ਰਿਲੀਜ਼ (ਧੀਮੀ ਉਪਲਭਧਤਾ) ਪ੍ਰਨਾਲੀ ਸਦਕਾ ਪੌਦਿਆਂ ਨੂੰ ਮਿਲ ਜਾਂਦੇ ਹਨ। ਬਹੁਤ ਸਾਰੀਆਂ ਲੈਬਾਰਾਟਰੀਆਂ ਵਿੱਚ ਅੰਮ੍ਰਿਤ ਮਿੱਟੀ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ ਅਤੇ ਨਤੀਜੇ ਹੈਰਾਨੀਜਨਕ ਹਨ। ਉਦਾਹਰਣ ਵਜੋਂ ਇਕਰੀਸੈਟ, ਹੈਦਰਾਬਾਦ ਵਿਖੇ ਡਾ. ਓ ਪੀ ਰੁਪੇਲਾ ਦੁਆਰਾ ਕੀਤੇ ਗਏ ਟੈਸਟਾਂ ਜਿਹੜੇ ਕਿ ਪਬਲਿਸ਼ ਨਹੀਂ ਹੋ ਸਕੇ ਵਿੱਚ ਪਾਇਆ ਗਿਆ ਕਿ ਕ੍ਰਿਸ਼ੀ ਤੀਰਥ, ਬਜਵਾੜਾ ਵਿਖੇ ਅੰਮ੍ਰਿਤ ਮਿੱਟੀ ਦੇ ਬਿਜਾਈ ਕੀਤੇ ਹੋਏ ਢੇਰਾਂ ਦਾ ਆਰਗੈਨਿਕ ਕਾਰਬਨ ਦਾ ਮਾਪ 2.61% ਸੀ, ਨਾਲ ਦੇ ਅਣਵਹਿਕ ਖੇਤ ਦੀ ਮਿੱਟੀ ਤੋਂ ਘੱਟ-ਘੱਟ 3 ਗੁਣਾਂ ਜਿਆਦਾ। ਨਾਲ ਲੱਗਦੇ ਖੇਤ ਦੀ ਮਿੱਟੀ ਨਾਲੋਂ ਨੈਟਈਕੋ ਸੋਆਇਲ/ਅੰਮ੍ਰਿਤ ਮਿੱਟੀ ਵਿੱਚ ਉਪਲਭਧ ਰੂਪ ਵਿੱਚ ਪਾਏ ਗਏ ਸੂਖਮ ਪੋਸ਼ਕ ਤੱਤਾਂ ਦੀ ਇਸ ਪ੍ਰਕਾਰ ਸਨ: ਬੋਰਾਨ 8 ਗੁਣਾਂ ਜਿਆਦਾ, ਸਲਫਰ 2.64 ਗੁਣਾਂ ਜਿਆਦਾ, ਲੋਹਾ 1.5 ਗੁਣਾਂ ਜਿਆਦਾ ਅਤੇ ਜ਼ਿੰਕ 7.3 ਗੁਣਾਂ ਜਿਆਦਾ। ਇੰਨਾ ਹੀ ਨਹੀਂ ਅੰਮ੍ਰਿਤ ਮਿੱਟੀ ਵਿੱਚ ਮਾਈਕ੍ਰੋਬੀਅਲ ਬਾਇਓਮਾਸ C, ਮਾਈਕ੍ਰੋਬੀਅਲ ਬਾਇਓਮਾਸ N ਡੀਹਾਈਡ੍ਰੋਜੈਨੇਜ਼ ਦੀ ਵੱਡ ਪੱਧਰੀ ਮੌਜੂਦਗੀ ਅੰਮ੍ਰਿਤ ਮਿੱਟੀ ਵਿੱਚ ਸੂਖਮਜੀਵਾਣੂਆਂ ਦੀ ਭਾਰੀ ਮਾਤਰਾ ਵਿੱਚ ਮੌਜੂਦਗੀ ਦੀ ਪੁਸ਼ਟੀ ਕਰਦੀ ਸੀ। ਇਸ ਮਿੱਟੀ ਦੇ ਕੁੱਝ ਨਮੂਨਿਆਂ ਦੇ ਹਰੇਕ ਗ੍ਰਾਮ ਵਿੱਚ ਪੌਦਿਆਂ ਦੇ ਵਾਧੇ ਵਿਕਾਸ ਲਈ ਜ਼ਿੰਮੇਵਾਰ 100 ਕਰੋੜ ਤੋਂ ਵੀ ਜਿਆਦਾ ਬੈਕਟੀਰੀਆ (ਸਾਈਡਰੋਫੋਰ ਪ੍ਰੋਡਿਊਸਰਜ਼) ਮੌਜੂਦ ਪਾਏ ਗਏ। ਇਹ ਇਕਰੀਸੈਟ ਦੀ ਲੈਬਾਰਾਟਰੀ 'ਚ ਪਰਖੀ ਗਈ ਕਿਸੇ ਵੀ ਕੰਪੋਸਟ ਦਾ ਸਭ ਤੋਂ ਵੱਡਾ ਮਾਪ ਸੀ। ਸਟਡੀ ਵਿੱਚ ਇਹ ਵੀ ਪਾਇਆ ਗਿਆ ਕਿ ਢੇਰ ਵਿੱਚ ਅੰਮ੍ਰਿਤ ਮਿੱਟੀ ਦਾ ਇਸਤੇਮਾਲ ਕਰਨ ਸਦਕਾ ਬੱਝੇ ਹੋਏ ਸੂਖਮ ਪੋਸ਼ਕ ਤੱਤ ਭੂਮੀ ਵਿੱਚ ਜੀਵ ਤੱਤ

**ਬਾਕਸ 3: ਨੈਟਈਕੋ ਖੇਤੀ ਦੀਆਂ ਕੁੱਝ ਜ਼ਿਕਰਯੋਗ ਮਿਸਾਲਾਂ**

| ਕਿਸਾਨ/ਖੇਤ | ਫਸਲ ਉਤਪਾਦਨ |
|---|---|
| ਅਰੁਨਾਚਲਮ, ਕੋਇੰਬਟੂਰ, ਤਾਮਿਲਨਾਡੂ | ਚਾਵਲ (40 ਕੁਇੰਟਲ/ਏਕੜ ਬਿਨਾਂ ਪਾਣੀ ਖੜਾ ਕੀਤੇ), ਕੇਲਾ (45 ਕਿੱਲੋ/ਪੌਦਾ) |
| ਦੀਪਕ ਸਚਦੇ, ਬਜਵਾੜਾ, ਮੱਧ ਪ੍ਰਦੇਸ਼ | ਕਣਕ (30 ਕੁਇੰਟਲ/ਏਕੜ) , ਟਮਾਟਰ (120 ਟਨ/ਏਕੜ), (ਆਲੂ 40 ਟਨ/ਏਕੜ) |
| ਡਾ. ਕਟਾਰੀਆ, ਜਾਮਨਗਰ, ਗੁਜਰਾਤ | ਮੂੰਗਫਲੀ (30 ਕੁਇੰਟਲ/ਏਕੜ) |
| ਸੁਰੇਸ਼ ਦੇਸਾਈ, ਬੇਡਕੀਹਲ, ਕਰਨਾਟਕਾ | ਗੰਨਾ (100 ਟਨ/ਏਕੜ) |
| ਭਾਸਕਰ ਭਾਈ ਸਾਵੇ, ਅੰਬਰਗਾਉਂ, ਗੁਜਰਾਤ | ਨਾਰੀਅਲ (400 ਫਲ/ਬੂਟਾ/ਸਾਲਾਨਾ ਪੱਕਣ 'ਤੇ) |
| ਵਾਸੂਦੇਵ ਕਾਠੇ, ਨਾਸਿਕ, ਮਹਾਰਾਸ਼ਟਰਾ | ਅੰਗੂਰ (16 ਟਨ/ਏਕੜ) |
| ਜੀਤੂਭਾਈ ਕੁਟਮੁਟੀਆ, ਮਾਲੇਗਾਉਂ ਮਹਾਰਾਸ਼ਟਰ | ਪਪੀਤ (180 ਕਿੱਲੋ/ਬੂਟਾ |



ਉੱਗਣ ਉਪਰੰਤ 21 ਦਿਨਾਂ ਦੇ ਪੌਦੇ

ਸਟਡੀ ਵਿੱਚ ਇਹ ਵੀ ਪਾਇਆ ਗਿਆ ਕਿ ਢੇਰ ਵਿੱਚ ਅੰਮ੍ਰਿਤ ਮਿੱਟੀ ਦਾ ਇਸਤੇਮਾਲ ਕਰਨ ਸਦਕਾ ਬੱਝੇ ਹੋਏ ਸੂਖਮ ਪੋਸ਼ਕ ਤੱਤ ਭੂਮੀ ਵਿੱਚ ਜੀਵ ਤੱਤ ਕਾਰਣ ਅਘੁਲਣਸ਼ੀਲ ਤੋਂ ਘੁਲਣਸ਼ੀਲ ਰੂਪ ਵਿੱਚ ਪਰਿਵਰਤਿਤ ਹੋ ਜਾਂਦੇ ਹਨ।



ਖੇਤ ਵਿੱਚ ਪੋਸ਼ਣ ਪ੍ਰਬੰਧਨ ਅਤੇ ਬਿਨਾਂ ਵਹਾਈ ਬੀਜੀ ਗਈ ਕਣਕ ਦੀ ਫਸਲ ਦਾ ਝਾੜ 38 ਕੁਇੰਟਲ ਪ੍ਰਤਿ ਏਕੜ ਰਿਹਾ

ਜਿੱਥੇ-ਜਿੱਥੇ ਅੰਮ੍ਰਿਤ ਮਿੱਟੀ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ ਉੱਥੇ ਪ੍ਰਤੀ ਇਕਾਈ ਫਸਲਾਂ ਦੀ ਉਤਪਾਦਕਤਾ ਵੀ ਵਧੇਰੇ ਹੈ (ਦੇਖੋ ਬਾਕਸ 3) ਹੋਰਨਾਂ ਜੈਵਿਕ ਖੇਤੀ ਫਾਰਮਾਂ ਜਿੱਥੇ ਕਿ ਪਹਿਲੇ ਵਰ੍ਹੇ ਝਾੜ 'ਚ ਕਮੀ ਦੀ ਸ਼ਿਕਾਇਤ ਮਿਲਦੀ ਹੈ ਅਤੇ ਫਿਰ ਕਿਤੇ 3 ਵਰ੍ਹਿਆਂ ਬਾਅਦ ਝਾੜ ਵਾਧਾ ਹੋਣ ਲੱਗਦਾ ਹੈ ਦੇ ਮੁਕਾਬਲੇ ਨੈਟਈਕੋ ਖੇਤੀ ਵਿੱਚ ਪਹਿਲੇ ਹੀ ਵਰ੍ਹੇ ਤੋਂ ਝਾੜ ਵਿੱਚ ਵਾਧਾ ਦਰਜ਼ ਕੀਤਾ ਗਿਆ। ਇਹ ਕਈ ਵਰ੍ਹਿਆਂ ਤੱਕ ਕਾਮਯਾਬੀ ਨਾਲ ਦਿਖਾਇਆ ਜਾਂਦਾ ਰਿਹਾ ਕਿ ਅੰਮ੍ਰਿਤ ਮਿੱਟੀ ਦੀ ਉਤਪਾਦਕਤਾ ਕਿਤੇ ਵੱਧ ਹੈ।

ਅੰਮ੍ਰਿਤ ਮਿੱਟੀ ਵਿੱਚ ਪੈਦਾ ਕੀਤੀਆਂ ਗਈਆਂ ਸਬਜ਼ੀਆਂ ਬੇਹੱਦ ਪੋਸ਼ਣ ਭਰਪੂਰ ਹਨ। ਵਿਗਿਆਨਕ ਵਿਸ਼ਲੇਸ਼ਣ ਦੌਰਾਨ ਨੈਟਈਕੋ ਖੇਤ ਦੀ ਲੌਕੀ ਵਿੱਚ ਮੈਗਨੀਸ਼ੀਅਮ ਅਤੇ ਲੋਹੇ ਸਮੇਤ ਬਾਜ਼ਾਰ ਦੀ ਲੌਕੀ ਦੇ ਮੁਕਾਬਲੇ 5 ਗੁਣਾਂ ਵਧੇਰੇ ਪ੍ਰੋਟੀਨ ਅਤੇ 20% ਵਧੇਰੇ ਕੈਲਸੀਅਮ ਪਾਇਆ ਗਿਆ। ਇਸਤੋਂ ਵੀ ਹੈਰਾਨੀ ਦੀ ਗੱਲ ਇਹ ਰਹੀ ਕਿ ਇਸ ਵਿੱਚ ਵਿਟਮਿਨ ਬੀ-12 ਦੀ ਮੌਜੂਦਗੀ ਵੀ ਦਰਜ਼ ਕੀਤੀ ਗਈ। ਜਿਹੜਾ ਕਿ ਆਮ ਤੌਰ 'ਤੇ ਜਾਨਵਰਾਂ ਅਤੇ ਸੂਖਮ ਜੀਵਾਣੂਆਂ ਦੁਆਰਾ ਮਿੱਟੀ ਵਿੱਚ ਬਣਾਇਆ ਜਾਂਦਾ ਹੈ ਨਾ ਕਿ ਸਬਜ਼ੀਆਂ ਜਾਂ ਪੌਦਿਆਂ ਦੁਆਰਾ। ਲੌਕੀ ਵਿੱਚ ਇਸ ਵਿਟਾਮਿਨ ਦੀ ਮੌਜੂਦਗੀ ਸ਼ਾਇਦ ਇਸ ਦੁਆਰਾ ਤੰਦਰੁਸਤ ਮਿੱਟੀ ਵਿੱਚ ਸੋਖਣ ਸਦਕਾ ਸੰਭਵ ਹੋਈ ਹੋਵੇਗੀ। ਇਹ ਉਸ ਵੇਲੇ ਹੋਰ ਵੀ ਅਹਿਮ ਹੈ ਜਦੋਂ ਕਿ ਅਮੂਮਨ ਉਗਾਈਆਂ ਜਾ ਰਹੀਆਂ ਸਬਜ਼ੀਆਂ ਵਿੱਚ ਪੋਸ਼ਕ ਤੱਤਾਂ ਦੀ ਨਿਰੰਤਰ ਕਮੀ ਦਰਜ਼ ਕੀਤੀ ਜਾ ਰਹੀ ਹੈ। ਪਾਉਲ ਬਰਨਰ ਦੀ ਇੱਕ ਰਿਪੋਰਟ, "ਦਿ ਹੀਲਿੰਗ ਪਾਵਰ ਆਫ ਮਿਨਰਲਜ਼" ਅਨੁਸਾਰ 1914 ਵਿੱਚ ਪਾਲਕ ਅੰਦਰ ਆਇਰਨ ਦੀ ਮਾਤਰਾ 64 ਮਿਲੀਗ੍ਰਾਮ ਪ੍ਰਤੀ 100 ਗ੍ਰਾਮ ਪਾਈ ਜਾਂਦੀ ਸੀ ਜਿਹੜੀ ਕਿ 1992 ਤੱਕ ਬੁਰੀ ਤਰ੍ਹਾਂ ਘੱਟ ਕਿ ਸਿਰਫ 2.70 ਮਿਲੀਗ੍ਰਾਮ ਪ੍ਰਤੀ 100 ਗ੍ਰਾਮ ਹੀ ਰਹਿ ਗਈ।

## ਸਾਰ

ਖੁਰਾਕ ਸੁਰੱਖਿਆ, ਪੋਸ਼ਣ ਅਤੇ ਗਰੀਬੀ ਦੇ ਮੁੱਦਿਆਂ ਨਾਲ ਨਜਿੱਠਣ ਲਈ ਲਾਜ਼ਮੀ ਹੈ ਕਿ ਬਿਨਾਂ ਖਪਤਕਾਰਾਂ ਅਤੇ ਵਾਤਾਵਰਣ ਦੀ ਸਿਹਤ ਨਾਲ ਖਿਲਵਾੜ ਕੀਤਿਆਂ ਖੁਰਾਕ ਦਾ ਉਤਪਾਦਨ ਵਧਾਇਆ ਜਾਵੇ। ਟਿਕਾਊ ਉੱਚ ਉਤਪਾਦਨ ਲੈਣ ਲਈ ਨਿਵੇਕਲੇ ਐਗਰੋ ਈਕੋ ਸਿਸਟਮ ਬਣਾਏ ਜਾਣਾ, ਇਹਨਾਂ ਨੂੰ ਥਾਂ-ਥਾਂ ਦੁਹਰਾਉਣਾ ਅਤੇ ਕਿਰਿਆਸ਼ੀਲ ਕੁਦਰਤੀ ਪ੍ਰਣਾਲੀਆਂ ਦੀ ਹੋਂਦ ਲਾਜ਼ਮੀ ਹੈ। ਕਿਸਾਨਾਂ ਨੂੰ ਸਨਮਾਨਜਨਕ ਜੀਵਨ ਦਿੰਦੇ ਹੋਏ ਇਹ ਟੀਚਾ ਹਾਸਿਲ ਕਰਨ ਦਾ ਹੀ ਇੱਕ ਤਰੀਕਾ ਹੈ ਅੰਮ੍ਰਿਤ ਮਿੱਟੀ।

ਅੰਮ੍ਰਿਤ ਮਿੱਟੀ ਅਤੇ ਨੈਟਈਕੋ ਫਾਰਮਿੰਗ ਵਿੱਚ ਸਾਡੇ ਕਿਸਾਨਾਂ, ਖਾਸਕਰ ਛੋਟੇ ਕਿਸਾਨਾਂ ਦਾ ਵਰਤਮਾਨ ਆਰਥਿਕ ਅਤੇ ਸਮਾਜਕ ਪੱਧਰ ਉੱਚਾ ਚੁੱਕਣ ਦੀ ਅਸੀਮ ਸਮਰੱਥਾ ਹੈ। ਇਸ ਵਿੱਚ ਸਾਡੇ ਵਿਗਿਆਨਕ ਭਾਈਚਾਰੇ ਲਈ ਵੀ ਐਗਰੋ ਈਕੋ ਸਿਸਟਮ ਆਧਾਰਿਤ ਨੈਟਈਕੋ ਫਾਰਮਿੰਗ ਵਰਗੀਆਂ ਖੇਤੀ ਪ੍ਰਣਾਲੀਆਂ ਦਾ ਅਧਿਐਨ, ਪਰਖ ਅਤੇ ਮੁਲਾਂਕਣ ਕਰਨ ਹਿੱਤ ਬਹੁਤ ਗਹਿਰੀ ਅਤੇ ਅਸੀਮ ਸਮਰੱਥਾ ਹੈ। ਆਮ ਕਿਸਾਨਾਂ ਨੂੰ ਕੁਦਰਤੀ ਖੇਤੀ ਨਾਲ ਜੁੜਨ 'ਤੇ ਸਹਾਇਤਾ ਪ੍ਰਦਾਨ ਕਰਨ ਵਾਲੀਆਂ ਨੀਤੀਆਂ ਦੇਸ ਦੀ ਖੁਰਾਕ ਸੁਰੱਖਿਆ ਅਤੇ ਲੋਕਾਂ ਦੀ ਸਿਹਤ ਲਈ ਬੇਹੱਦ ਕਾਰਗਰ ਸਿੱਧ ਹੋਣਗੀਆਂ। ◆

**ਦੀਪਕ ਸਚਦੇ**
ਨੈਟਈਕੋ ਲਾਈਫ ਸਟਾਈਲ ਫਾਰਮਰ
ਮਾਲਪਾਨੀ ਟ੍ਰਸਟ, ਪਿੰਡ ਬਜਵਾੜਾ
ਡਾਕ. ਨੇਮਾਵਰ, 455339 ਖਾਟੇਗਾਉਂ,
ਜ਼ਿਲ੍ਹਾ ਦੇਵਾਸ, ਮੱਧ ਪ੍ਰਦੇਸ਼
ਈਮੇਲ: deepaksuchde@gmail.com

**ਸਵ. ਡਾ. ਓਮ ਪ੍ਰਕਾਸ਼ ਰੁਪੇਲਾ**
ਸੇਵਾ ਮੁਕਤ ਵਿਗਿਆਨਕ, ਇਕਰੀਸੈਟ
120, ਫੇਜ਼ 1, ਸਾਕੇਤ, ਕਾਪਰਾ, ਡਾਕ. ਈ ਸੀ ਆਈ ਐਲ,
ਹੈਦਰਾਬਾਦ, 500062, ਭਾਰਤ

Creating a healthy living soil to feed millions- with safe food
LEISA INDIA, Vol. 17, No. 1, March 2015.